# ਰੇਡੀਓ ਲਵੀਵਾਰ:ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ 35 ਚਰਚਾ – ਆਪਸੀ ਵਾਰਤਾਲਾਪ

**(Interactive Episode)**

ਪੰਜਾਬੀ ਰੁਪਾਂਤਰ ਖੋਜ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

(In this interactive episode, we have discussed the gist of the previous five episodes 30 to 34 episodes on climate change, in brief. Only two Characters in the form of Male and Female narrator are discussing the issues taken up in each of the previous 5 episodes in order to discuss the major issues raised therein. There is an effort to make more clarifications on the various concepts involved in the phenomenon of climate change , the efforts at the National and International level by way of the protocols and agreements regarding the steps required to be taken for preventing the speedy change in climate and ensuing Global warming. The science behind these concepts, the impact of the protocols and the agreements and the hurdles there in. , The action points focused through the said episodes that discuss the steps being taken up for development and transfer of green technologies , the differences between the developed and the developing world on the issues as to who is responsible for the present crisis, what should be the parameters to measure the factors responsible for it and as to the role of each contesting party in finding a solution to the problem has been discussed. Questions have been raised and answers have been given in the form of reply through the dialogue between the duet. In the end, certain questions have been proposed the answers to which are to be provided by the artists on the basis of expert advice/data or even by the experts appearing and talking to the audience)

(ਇਸ ਆਪਸੀ ਵਿਚਾਰ ਵਟਾਂਦਰਾ/ਚਰਚਾ ਦੀ ਕੜੀ ਵਿੱਚ ਅਸੀਂ ਜਲਵਾਯੂ ਪਰਿਵਰਤਨ ਨਾਲ ਸਬੰਧਤ ਪਿਛਲੀ ਚਰਚਾ ਤੋਂ ਬਾਅਦ ਦੀਆਂ ਪੰਜ ਕੜੀਆਂ 30 ਤੋਂ 34 ਤੱਕ ਵਿੱਚ ਉਠਾਏ ਗਏ ਮੁਦਿਆਂ ਦਾ ਅਤੇ ਦਿੱਤੇ ਗਏ ਸਮਾਧਾਨਾਂ ਦਾ ਤੱਤ ਸਾਰ ਸੰਖੇਪ ਵਰਨਣ ਕੀਤਾ ਹੈ। ਇਹ ਕੜੀ ਕੇਵਲ ਦੋ ਪਾਤਰਾਂ ਪੁਰਸ਼ ਸੂਤਰਧਾਰ ਤੇ ਔਰਤ ਸੂਤਰਧਾਰ ਵਿੱਚ ਹੋ ਰਹੇ ਆਪਸੀ ਵਾਰਤਾਲਾਪ ਰਾਹੀਂ ਪੂਰਬਲੀਆਂ ਪੰਜ ਕੜੀਆਂ ਵਿੱਚ ਉਭਾਰੇ ਗਏ ਮੁਦਿਆਂ ‘ਤੇ ਚਰਚਾ ਹੈ। ਇਨ੍ਹਾਂ ਪੰਜ ਕੜੀਆਂ ਰਾਹੀਂ ਜਲਵਾਯੂ ਬਦਲਾਅ ਦੇ ਵਰਤਾਰੇ ਮੁਤੱਲਕ ਪੇਸ਼ ਕੀਤੀਆਂ ਗਈਆਂ ਧਾਰਨਾਵਾਂ ਅਤੇ ਸੰਕਲਪਾਂ ਦੀ ਵਿਆਖਿਆ ਹੋਰ ਸਰਲ , ਸੰਖੇਪ ਤੇ ਸਪਸ਼ਟ ਕੀਤੀ ਗਈ ਹੈ । ਮੁੱਖ ਤੌਰ ‘ਤੇ ਕੇਂਦਰ ਬਿੰਦੂ ਬਣਾਏ ਗਏ ਮੁੱਦਿਆਂ ਉਪਰ ਜਲਵਾਯੂ ਬਦਲਾਅ ਦੀ ਰੋਕ ਥਾਮ ਦੇ ਲਈ ਰਾਸਟਰੀ ਅਤੇ ਅੰਤਰ ਰਾਸਟਰੀ ਪੱਧਰ ‘ਤੇ ਗਠਿਤ ਮੰਚਾਂ ਅਤੇ ਉਨ੍ਹਾਂ ਮੰਚਾਂ ਉਪਰ ਤੇਜੀ ਨਾਲ ਬਦਲਦੇ ਜਲਵਾਯੂ ਅਤੇ ਉਸਦੀ ਬਦੌਲਤ ਹੋਣ ਵਾਲੀ ਆਲਮੀ ਤਪਸ਼ ਨੂੰ ਠੱਲ੍ਹ ਪਾਉਣ ਲਈ ਚੁੱਕੇ ਜਾਣ ਵਾਲੇ ਕਦਮਾਂ ਅਤੇ ਕੀਤੇ ਗਏ ਸਮਝੌਤਿਆਂ ਤੇ ਮਰਿਆਦਾਵਾਂ ਦਾ ਸਾਰ

ਚਰਚਾ ਦਾ ਮੁੱਦਾ ਬਣਾਇਆ ਹੈ।ਇਸ ਨਾਲ ਸਬੰਧਤ ਧਾਰਨਾਵਾਂ ਦੇ ਪਿੱਛੇ ਕੰਮ ਕਰਦੀ ਵਿਗਿਆਨ, ਇਨ੍ਹਾਂ ਮਰਿਆਦਾਵਾਂ ਅਤੇ ਸਮਝੌਤਿਆਂ ਦਾ ਪ੍ਰਭਾਵ ਅਤੇ ਇਸ ਦੇ ਰਸਤੇ ਵਿੱਚ ਰੁਕਾਵਟਾਂ ਤੇ ਚਰਚਾ ਹੈ ! ਇਨ੍ਹਾਂ ਕੜੀਆਂ ਰਾਹੀਂ ਕੇਂਦ੍ਰਤ ਕੀਤੇ ਕਾਰਵਾਈ ਬਿੰਦੂ ਜਿਨ੍ਹਾਂ ਵਿੱਚ ਉਨ੍ਹਾਂ ਕਦਮਾਂ 'ਤੇ ਚਰਚਾ ਕਤਿੀ ਗਈ ਹੈ ਜਿਹੜੇ ਕਿ ਹਰਿਤ ਤਕਨਾਲੋਜੀਆਂ ਦੇ ਵਿਕਾਸ ਅਤੇ ਦੂਜੇ ਮੁਲਕਾਂ ਨੂੰ ਦੇਣ ਦੇ ਮਾਮਲੇ 'ਤੇ ਚੁੱਕੇ ਜਾ ਰਹੇ ਹਨ ! ਵਿਕਸਿਤ ਅਤੇ ਵਿਕਾਸਸ਼ੀਲ ਦੇਸਾਂ ਵਿੱਚ ਇਸ ਮੁੱਦੇ 'ਤੇ ਮੱਤਭੇਦ ਕਿ ਵਾਤਾਵਰਣ ਦੇ ਮੌਜੂਦਾ ਸੰਕਟ ਵਾਸਤੇ ਕੌਣ ਜਿੰਮੇਵਾਰ ਹੈ , ਕੀ ਪੈਮਾਨੇ ਹੋਣੇ ਚਾਹੀਦੇ ਹਨ ਅਤੇ ਇਸ ਸਮੱਸਿਆ ਦਾ ਸਮਾਧਾਨ ਲੱਭਣ ਵਿੱਚ ਸਾਰੀਆਂ ਧਿਰਾਂ ਦੀ ਭੂਮਿਕਾ ਬਾਬਤ ਵਿਚਾਰ ਵਟਾਂਦਰਾ ਕੀਤਾ ਗਿਆ ਹੈ ।ਇਸ ਮਾਮਲੇ ਦੇ ਮੁੱਢ ਦੇ ਪਿੱਛੇ ਕੰਮ ਕਰਦੇ ਵਿਗਿਆਨਿਕ ਨਿਯਮਾਂ ਅਤੇ ਕਰਤ ਬਿੰਦੂਆਂ 'ਤੇ ਹੋਰ ਵਧੇਰੇ ਸਪਸ਼ਟੀਕਰਨ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਕਈ ਪ੍ਰਸ਼ਨ ਉਠਾਏ ਗਏ ਹਨ ਅਤੇ ਉਨ੍ਹਾਂ ਦੇ ਜਵਾਬ ਇਸ ਜੋੜੀ ਦੀ ਆਪਸੀ ਗੱਲ ਬਾਤ ਦੇ ਰਾਹੀਂ ਦਿੱਤੇ ਗਏ ਹਨ! ਅੰਤ ਵਿੱਚ ਕਈ ਹੋਰ ਪ੍ਰਸ਼ਨ ਤਜਵੀਜ਼ ਕੀਤੇ ਗਏ ਹਨ, ਜਿਨ੍ਹਾਂ ਦੇ ਉੱਤਰ ਮਾਹਰਾਂ ਦੀ ਰਾਏ ਅਨੁਸਾਰ ਸਾਡੇ ਕਲਾਕਾਰ ਦੇਣਗੇ ਜਾਂ ਫਿਰ ਮਾਹਰ ਵੀ ਖੁਦ ਪੇਸ਼ ਹੋ ਕੇ ਸ੍ਰੋਤਿਆਂ ਨਾਲ ਚਰਚਾ ਦੇ ਰੂਪ ਵਿੱਚ ਇਹ ਜਵਾਬ ਦੇਣਗੇ)

**ਪਾਤਰ**

**ਔਰਤ ਸੂਤਰਧਾਰ**

**ਮਰਦ ਸੂਤਰਧਾਰ**

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

**ਸੰਗੀਤ**......

**ਐਲਾਨ** : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ ਦੇ** ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਪੈਂਤੀਵੀਂ ਕੜੀ "ਚਰਚਾ - ਆਪਸੀ ਵਾਰਤਾਲਾਪ"**।

**(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ** : ਹਾਂ ਜੀ। ਪਿਆਰੇ ਸ੍ਰੋਤਿਓ ...ਸੁਆਗਤ ਹੈ ਜੀ ਤੁਹਾਡਾ ਸਭ ਦਾ ਅੱਜ ਦੇ **"ਜਲਵਾਯੂ ਬਦਲਾਅ ਦੀ ਵਿਗਿਆਨ"** ਦੇ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ **ਪੈਂਤੀਵੀਂ** ਕੜੀ ਵਿੱਚ।

**ਮਰਦ ਸੂਤਰਧਾਰ** : ਹਾਂ! ਇਸ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ ਪਿਛਲੀ ਕੜੀ , **'ਜਲਵਾਯੂ ਬਦਲਾਅ ਦੀ ਸਿਆਸਤ'** ਵਿੱਚ ਕੀਤੀ ਸੀ ਅਸੀਂ ਚਰਚਾ ਤੇ ਸੁਣਾਈ ਸੀ ਕਹਾਣੀ ਉਨ੍ਹਾਂ ਸਿਆਸੀ ਮਾਮਲਿਆਂ ਦੀ ਜਿਹੜੇ ਉਭਰਕੇ ਸਾਹਮਣੇ ਆਏ ਹਨ ਜਲਵਾਯੂ ਬਦਲਾਅ ਨੂੰ ਰੋਕਣ ਲਈ ਉਠਾਏ ਜਾ ਰਹੇ ਕਦਮਾਂ ਦੇ ਮਾਮਲਿਆਂ 'ਤੇ ਹੁੰਦੇ ਵਾਰਤਾਲਾਪ ਵਿੱਚ ਸਾਂਝੇ ਮੰਚਾਂ ਦੇ ਉਪਰ ਅਤੇ ਇਨ੍ਹਾਂ ਬਦਲਦੀਆਂ ਫਿਜ਼ਾਵਾਂ ਦੀ ਰਫਤਾਰ ਨੂੰ ਧੀਮੀ

ਕਰਨ ਦੇ ਬਾਬਤ ਹੋ ਰਹੀ ਚਰਚਾ ਦੇ ਦਰਮਿਆਨ!

**ਔਰਤ ਸੂਤਰਧਾਰ :** ਹਾਂ ਜੀ! ਹੋਈ ਸੀ ਚਰਚਾ ਕਿ ਜਲਵਾਯੂ ਬਦਲਾਅ ਦੇ ਮੁੱਦੇ ਨਾਲ ਸਿਆਸਤ ਵੀ ਕਿਵੇਂ ਜੁੜੀ ਹੈ !ਕਿਵੇਂ ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ ਨੂੰ ਠੱਲ੍ਹ ਪਾਉਣ ਦੇ ਕਦਮਾਂ ਨੂੰ ਚੁੱਕੇ ਜਾਣ ਵਿੱਚ ਵੱਖ ਵੱਖ ਸਿਆਸੀ ਮੁਫਾਦ ਸ਼ਾਮਲ ਹਨ !

**ਮਰਦ ਸੂਤਰਧਾਰ:** ਉਥੇ ਤਾਂ ਗੱਲ ਇਹ ਵੀ ਹੋਈ ਸੀ ਕਿ ਇਸ ਬਦਲਦੇ ਤਾਪਮਾਨ ਦੀ ਅਲਮੀ ਤਪਸ਼ ਦੇ ਅਤੇ ਬਦਲਦੇ ਜਲਵਾਯੂ ਦੇ ਜਿੰਮੇਵਾਰ ਕੌਣ ਹਨ , ਇਸ ਗੱਲ 'ਤੇ ਵੀ ਹਨ ਗਹਿਰੇ ਸਿਆਸੀ ਮੱਤ ਭੇਦ !

**ਔਰਤ ਸੂਤਰਧਾਰ :** ਸੁਣੇ ਸਨ ਅਸੀਂ ਕਿੱਸੇ ਕਿ ਕਿਵੇਂ ਵਿਕਾਸਸੀਲ ਮੁਲਕ ਕਹਿੰਦੇ ਨੇ ਕਿ ਇਸ ਸੰਕਟ ਦਾ ਕਾਰਨਹਨ ਵਿਕਸਿਤ ਮੁਲਕ ਕਿਉਂ ਜੋ ਵੱਡੇ ਪੱਧਰ 'ਤੇ ਹਰਿਤ ਘਰ ਪ੍ਰਭਾਵ ਗੈਸਾਂ ਦਾ ਉਤਸਰਜਨ ਤਾਂ ਉਹੀ ਕਰ ਰਹੇ ਹਨ ਅਤੇ ਫੈਲਾਅ ਰਹੇ ਨੇ ਬਹੁਤ ਹੀ ਜਿਆਦਾ ਪ੍ਰਦੂਸ਼ਣ !

**ਮਰਦ ਸੂਤਰਧਾਰ :** ਸੁਣਾਈ ਸੀ ਕਹਾਣੀ ਕਿ ਜਲਵਾਯੂ ਬਦਲਾਅ ਦੀ ਗਤੀ ਨੂੰ ਠੱਲ੍ਹ ਪਾਉਣ ਵਾਸਤੇ ਲੋੜ ਹੈ ਕਿ ਨਵੀਂਆਂ ਹਰਿਤ ਤਕਨਾਲੋਜੀਆਂ ਜਿਨ੍ਹਾਂ ਤੇ ਕਬਜਾ ਹੈ ਵਿਕਸਤ ਮੁਲਕਾਂ ਦਾ ਉਨ੍ਹਾਂ ਤਕਨਾਲੋਜੀਆਂ ਨੂੰ ਵਿਕਾਸਸੀਲ ਮੁਲਕਾਂ ਵਿੱਚ ਭੇਜਣ ਦੀ ਲੋੜ ਹੈ !

**ਔਰਤ ਸੂਤਰਧਾਰ :** ਹੋਈ ਸੀ ਗੱਲ ਕਿ ਵਿਕਸਿਤ ਮੁਲਕਾਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਤਕਨਾਲੋਜੀਆਂ ਵਿੱਚ ਲੋੜ ਅਨੁਸਾਰ ਬਦਲਾਅ ਕਰਕੇ ਸਥਾਨਕ ਲੋੜਾਂ ਅਨੁਸਾਰ ਢਾਲਣ ਦੀ ਵੀ ਇਜਾਜਤ ਦੇਣ, ਨਹੀਂ ਤਾਂ ਇਹ ਤਕਨਾਲੋਜੀਆਂ ਸਾਂਤਨਕ ਪੱਧਰ 'ਤੇ ਆਪਣਾ ਲੋੜੀਂਦਾ ਪ੍ਰਭਾਵ ਨਹੀਂ ਪਾ ਸਕਣਗੀਆਂ !

**ਮਰਦ ਸੂਤਰਧਾਰ:** ਹੋਈ ਸੀ ਚਰਚਾ ਕਿ ਵਿਕਸਿਤ ਮੁਲਕਾਂ ਵਿੱਚ ਇਹ ਤਕਨਾਲੋਜੀਆਂ ਬਹੁਤੀਆਂ ਨਿਜੀ ਹੱਥਾਂ ਵਿੱਚ ਹਨ ਅਤੇ ਉਹ ਨਿਜੀ ਹਿਤ ਆਪਣੇ ਮੁਨਾਫੇ ਦੀ ਹਵਸ ਵਿੱਚ ਇਨ੍ਹਾਂ ਤਕਨਾਲੋਜੀਆਂ ਨੂੰ ਦੂਜੇ ਮੁਲਕਾਂ ਨੂੰ ਸਹਿਜੇ ਦੇਣ ਲਈ ਤਿਆਰ ਨਹੀਂ ਹੁੰਦੇ ਜਿਸ ਕਰਕੇ ਵਿਕਸਿਤ ਮੁਲਕਾਂ ਦੇ ਨੁਮਾਇੰਦੇ ਅੰਤਰਰਾਸਟਰੀ ਮੰਚਾਂ ਉਪਰ ਅਜਿਹੇ ਫੈਸਲਿਆਂ ਦਾ ਸਿਆਸੀ ਤੌਰ 'ਤੇ ਵਿਰੋਧ ਕਰਦੇ ਹਨ ! ਮੁਨਾਫਿਆਂ ਵਾਸਤੇ ਅੰਤਰਰਾਸ਼ਟਰੀ ਮਾਪ ਦੰਡਾਂ ਦੀ ਪ੍ਰਵਾਹ ਨਹੀਂ ਕੀਤੀ ਜਾਂਦੀ ਅਤੇ ਉਹ ਵੀ ਧੜੱਲੇ ਦੇ ਨਾਲ ਤੋੜੇ ਜਾ ਰਹੇ ਹਨ।

**ਔਰਤ ਸੂਤਰਧਾਰ :** ਸੁਣਾਈ ਸੀ ਕਹਾਣੀ ਕਿ ਕਿਵੇਂ ਵਿਕਾਸਸੀਲ ਮੁਲਕ ਵੀ ਜਲਵਾਯੂ ਬਦਲਾਅ ਉਪਰ ਰੋਕ ਲਗਾਉਣ ਵਾਲੇ ਕਦਮਾਂ ਦੀ ਬਦੌਲਤ ਆਪਣੇ ਮੁਲਕ ਦੇ ਵਿਕਾਸ ਵਿੱਚ ਰੁਕਾਵਟ ਆਉਣ ਦੇ ਡਰੋਂ ਵੱਖ ਵੱਖ ਮੰਚਾਂ ਉਪਰ ਲਏ ਜਾਂਦੇ ਕਈ ਕਿਸਮ ਦੇ ਫੈਸਲਿਆਂ ਬਾਬਤ ਵਾਰਤਾਲਾਪ ਵਿੱਚ ਸਿਆਸੀ ਵਿਰੋਧ ਦਰਜ ਕਰਵਾਉਂਦੇ ਹਨ ਅਤੇ ਅਜਿਹੇ ਫੈਸਲੇ ਸਿਰੇ ਚੜ੍ਹਣ ਤੋਂ ਰੋਕਦੇ ਹਨ !

**ਮਰਦ ਸੂਤਰਧਾਰ:** ਸੁਣ ਲਿਆ ਸੀ ਤੁਸੀਂ ਸੱਚ ਕਿ ਅਮਰੀਕਾ ਦਾ ਪ੍ਰਤੀ ਜੀਅ ਪ੍ਰਦੂਸ਼ਣ ਸੰਸਾਰ ਵਿੱਚ ਸੱਭ ਤੋਂ ਵੱਧ ਹੈ ਪਰ ਅਮਰੀਕਾ ਦ ਡੋਨਾਲਡ ਟਰੰਪ ਨੇ ਪਹਿਲ ਪ੍ਰਿਥਮੇ ਤਾਂ ਕਹਿ ਦਿੱਤਾ ਕਿ ਜਲਵਾਯੂ ਬਦਲਾਅ ਦਾ ਖਤਰਾ ਕੇਵਲ ਅੰਕੜਿਆਂ ਦੀ ਖੇਡ ਹੈ ਪਰ ਹੁਣ ਇਹ ਤਾਂ ਮੰਨ ਲਿਆ ਕਿ ਇਹ ਖਤਰਾ ਹੈ ਤਾਂ ਹਕੀਕਤ ਪ੍ਰੰਤੂ ਅਮਰੀਕਾ ਨੇ ਪੈਰਿਸ ਸਮਝੌਤੇ ਤੋਂ ਆਪਣੇ ਆਪ ਨੂੰ ਬਾਹਰ ਕਰਨਾ ਸੁਰੂ ਕਰ ਦਿੱਤਾ !

**ਔਰਤ ਸੂਤਰਧਾਰ :** ਸੁਣ ਲਈ ਸੀ ਤੁਸੀਂ ਕਹਾਣੀ ਕਿ ਕਿਵੇਂ ਯੂ ਐਨ ਓ ਨੇ ਇਹ ਪਹਿਲਾਂ ਹੀ ਸਮਝ ਲਿਆ ਸੀ ਕਿ ਕਾਰਬਨ ਪੈੜਾਂ ਘਟਾਉਣ ਵਾਸਤੇ ਲੋੜ ਹੈ ਹਰਿਤ ਤਕਨਾਲੋਜੀਆਂ ਦੇ ਵਿਕਾਸ ਦੀ ਅਤੇ ਉਨ੍ਹਾਂ ਦੇ ਬੇਰੋਕ ਟੋਕ ਆਦਾਨ ਪ੍ਰਦਾਨ ਦੀ !

**ਮਰਦ ਸੂਤਰਧਾਰ :** ਹੋਈ ਸੀ ਗੱਲ ਕਿ ਵਿਕਾਸਸ਼ੀਲ ਮੁਲਕਾਂ ਦੀ ਲੋੜ ਹੈ ਕਿ ਉਨ੍ਹਾਂ ਨੂੰ ਆਪਣੇ ਵਿਕਾਸ ਦੀ ਰਫਤਾਰ ਨੂੰ ਕਾਇਮ ਰੱਖਣ ਵਾਸਤੇ ਨਵੀਆਂ ਤਕਨਾਲੋਜੀਆਂ ਉਪਲਬਧ ਹੋਣ ਦੀ ਅਤੇ ਲੋੜ ਅਨੁਸਾਰ ਊਰਜਾ ਦੀ ਉਪਲਬਧਤਾ ਦੀ ਲੋੜ ਹੈ !

**ਔਰਤ ਸੂਤਰਧਾਰ :** ਹਾਂ ਜੀ ਹੋਈ ਸੀ ਚਰਚਾ ਕਿ ਤਕਨਾਲੋਜੀਆਂ ਦਾ ਜੇਕਰ ਤਬਾਦਲਾ ਐਨਾ ਸਹਿਲ ਨਹੀਂ ਤਾਂ ਉਦੋਂ ਤੱਕ ਜਦ ਤੱਕ ਅਸੀਂ ਵਿਕਾਸ ਦੇ ਮੌਜੂਦਾ ਖਪਤਵਾਦ ਭਾਰੂ ਮਾਡਲ ਦਾ ਵਿਕਲਪਤ ਮਾਡਲ ਨਹੀਂ ਸਿਰਜ ਲੈਂਦੇ ਉਦੋਂ ਤੱਕ ਤਕਨਾਲੋਜੀਆਂ ਦੀ ਸਾਂਝ ਭਿਆਲੀ ਕਰਨਾ ਇੱਕ ਹੱਲ ਹੈ !

**ਮਰਦ ਸੂਤਰਧਾਰ :** ਇਹ ਮੁਦਾ ਵੀ ਹੋਇਆ ਸੀ ਕੇਂਦ੍ਰਿਤ ਕਿ ਇਸ ਸੰਕਟ ਦਾ ਸਾਹਮਣਾ ਕਰਨ ਵਾਸਤੇ ਜਰੂਰੀ ਹੈ ਕਿ ਟਿਕਾਊ ਵਿਕਾਸ ਦੇ ਸਮਝੌਤਿਆਂ ਦੇ ਪੱਖ ਵਿੱਚ ਸਾਰੇ ਦੇਸਾਂ ਵੱਲੋਂ ਸਿਆਸੀ ਵਚਨ -ਬੱਧਤਾ ਪ੍ਰਗਟਾਈ ਜਾਵੇ !

**ਔਰਤ ਸੂਤਰਧਾਰ :** ਜਲਵਾਯੂ ਬਦਲਾਅ ਦੀ ਸਿਆਸਤ ਵਾਲੀ ਇਸ ਕੜੀ ਵਿੱਚ ਅਸੀਂ ਛੋਹੇ ਸਨ ਸਿਆਸੀ ਸਹਿਮਤੀਆਂ ਦੇ ਵੀ ਕਈ ਨੁਕਤੇ! ਗੱਲ ਕੀਤੀ ਸੀ ਕਿ ਪੈਰਿਸ ਸਮਝੌਤੇ ਤਹਿਤ ਲੰਬੀ ਅਵਧੀ ਵਿੱਚ ਉਠਾਏ ਜਾਣ ਵਾਲੇ ਭੱਵਿਖੀ ਕਦਮਾਂ ਬਾਬਤ ਸਹਿਮਤੀ ਬਣੀ ਹੈ

**ਮਰਦ ਸੂਤਰਧਾਰ :** ਹੋਈ ਸੀ ਚਰਚਾ ਇਸ ਮੁਦੇ 'ਤੇ ਵੀ ਕਿ ਤਕਨਾਲੋਜੀ ਕਾਰਜਕਾਰੀ ਕਮੇਟੀ ਅਤੇ ਜਲਵਾਯੂ ਤਕਨਾਲੋਜੀ ਕੇਂਦਰ ਅਤੇ ਤਾਣਾ ਬਾਣਾ ਭਵਿਖੀ ਕਦਮਾਂ ਬਾਬਤ ਬਣੀ ਇਸ ਸਹਿਮਤੀ ਦੇ ਟੀਚੇ ਦੀ ਪ੍ਰਾਪਤੀ ਵਾਸਤੇ ਕੰਮ ਕਰੇਗਾ!

**ਔਰਤ ਸੂਤਰਧਾਰ :** ਦੋਸਤੋ ਰੇਡੀਓ ਲੜੀਵਾਰ ਦੀ ਇਸ ਕੜੀ ਵਿੱਚ ਇਹ ਵੀ ਚਰਚਾ ਹੋਈ ਸੀ ਕਿ ਜਲਵਾਯੂ ਤਕਨਾਲੋਜੀ ਕੇਂਦਰ ਅਤੇ ਤਾਣਾ ਬਾਣਾ ਵੱਖ ਵੱਖ ਕੌਮਾਂ ਦਰਮਿਆਨ ਟਿਕਾਊ ਸਮਝੌਤਿਆਂ ਦੀ ਲੋੜ ਦੀ ਅਹਿਮੀਅਤ ਨੂੰ ਕੇਂਦ੍ਰਤ ਕਰੇਗਾ !

**ਮਰਦ ਸੂਤਰਧਾਰ :** ਪੇਸ਼ ਕੀਤੇ ਸਨ ਉਹ ਤੱਥ ਵੀ ਜਿਨ੍ਹਾਂ ਉਪਰ ਅਜੇ ਵੀ ਚੱਲ ਰਹੇ ਨੇ ਸਿਆਸੀ ਮੱਤ-ਭੇਦ ! ਨਹੀਂ ਬਣ ਸਕੀ ਸਹਿਮਤੀ ਕਿ ਹਰਿਤ ਘਰ ਪ੍ਰਭਾਵ ਗੈਸਾਂ ਦੇ ਉਤਸਰਜਨ ਦੀ ਮਾਤਰਾ ਦੀ ਗਣਨਾ ਦੇ ਕੀ ਹੋਣ ਮਾਪ ਦੰਡ!

**ਔਰਤ ਸੂਤਰਧਾਰ :** ਦੋਸਤੋ ਅਜੇ ਨਹੀਂ ਹੋਇਆ ਤਹਿ ਕਿ ਇਨ੍ਹਾਂ ਦੀ ਗਣਨਾ ਕੀਤੀ ਜਾਵੇ ਕੁੱਲ ਉਤਸਰਜਨ ਦੇ ਆਧਾਰ 'ਤੇ ਜਾਂ ਫਿਰ ਪ੍ਰਤੀ ਵਿਅਕਤੀ ਉਤਸਰਜਨ ਦੇ ਆਧਾਰ 'ਤੇ !

**ਮਰਦ ਸੂਤਰਧਾਰ :** ਕਰ ਦਿੱਤੀ ਸੀ ਬਿਆਨ ਇਹ ਹਕੀਕਤ ਵੀ ਕਿ ਕੀ ਹਰਿਤ ਘਰ ਫ੍ਰਭਾਵ ਗੈਸਾਂ ਦੀ ਗਣਨਾ ਵੇਲੇ ਕੇਵਲ ਕਾਰਬਨਡਾਈ ਅਕਸਾਈਡ ਦੇ ਉਸਰਜਨ ਦੀ ਮਾਤਰਾ ਨੂੰ ਹੀ ਗੌਲਿਆ ਜਾਵੇ ਜਾਂ ਫਿਰ ਜੰਗਲਾਤ ਦੀ ਕਟਾਈ ਕਾਰਨ ਘੱਟਦੀ ਸੋਖਣ ਸਮਰੱਥਾ ਨੂੰ ਅਤੇ ਪਸ਼ੂਆਂ ਕਾਰਨ ਇਨ੍ਹਾਂ ਗੈਸਾਂ ਦੇ ਹੋ ਰਹੇ ਉਤਸਰਜਨ ਨੂੰ ਵੀ ਲਿਆ ਜਾਵੇ ਗਿਣਤੀ ਮਿਣਤੀ ਦੇ ਵਿੱਚ !

**ਔਰਤ ਸੂਤਰਧਾਰ :** ਦੋਸਤੋ ਅਜੇ ਤਾਂ ਇਸ ਮੁੱਦੇ 'ਤੇ ਵੀ ਗਰਮਾ ਰਹੀ ਹੈ ਸਿਆਸਤ ਕਿ ਕੀ ਕੇਵਲ ਮੌਜੂਦਾ ਉਤਸਰਜਨ ਨੂੰ ਹੀ

ਮੰਨਿਆ ਜਾਵੇ ਜਾਂ ਫਿਰ ਇਤਿਹਾਸ ਦੇ ਅਤੇ ਮੌਜੂਦਾ ਵਿਕਾਸ ਦੇ ਮਾਡਲ ਦੇ ਦੌਰਾਨ ਪਿਛਲੀਆਂ ਸਦੀਆਂ ਦੌਰਾਨ ਹੋਏ ਉਤਸਰਜਨ ਦੀ ਮਾਤਰਾ ਦੀ ਵੀ ਕੀਤੀ ਜਾਵੇ ਗਣਨਾ !

**ਮਰਦ ਸੂਤਰਧਾਰ:** ਹਾਂ ਜੀ ਇਨ੍ਹਾਂ ਹੀ ਸਿਆਸ ਮੱਤ-ਭੇਦਾਂ ਦੇ ਚਲਦੇ ਗਰਮ ਹੈ ਬਾਜਾਰ ਇੱਕ ਦੂਜੇ ਨੂੰ ਦੋਸ਼ ਦੇਣ ਦੀ ਸਿਆਸੀ ਖੇਡ ਦਾ ਅਤੇ ਚੱਲ ਰਿਹਾ ਹੈ ਦੌਰ ਇਸ ਦੂਸਣਬਾਜੀ ਦਾ ਜ਼ੋਰ ਸ਼ੋਰ ਦੇ ਨਾਲ !

**ਔਰਤ ਸੂਤਰਾਧਾਰ:** **'ਕਿਉਂ ਬਦਲ ਰਹੀ ਹੈਂ ਫਿਜ਼ਾਏਂ'** ਵਿਗਿਆਨ ਲੜੀਵਾਰ ਦੀ ਤੀਹਵੀਂ ਕੜੀ **"ਜਲਵਾਯੂ ਬਦਲਾਅ ਦਾ ਮੁਕਾਬਲਾ-ਖਾਕਾ ਤੇ ਸ੍ਰੋਤ"** ਵਿੱਚ ਗੱਲ ਕੀਤੀ ਗਈ ਸੀ ਅਮਰੀਕੀ ਵਪਾਰ ਵਿਭਾਗ ਦੇ ਤਹਿਤ ਕੰਮ ਕਰਦੀ ਇੱਕ ਵਿਗਿਆਨਕ ਏਜੈਂਸੀ NOAA ਦੀ ( (ਨੈਸ਼ਨਲ ਓਸ਼ੀਐਨਿਕ ਐਂਡ ਐਟਮਾਸਫ਼ੈਰਿਕ ਐਡਮਨਿਸਟਰਰੇਸ਼ਨ) ਯਾਣੀ ਰਾਸਟਰੀ ਸਮੁੰਦਰੀ ਤੇ ਵਾਯੂਮੰਡਲੀ ਪ੍ਰਸ਼ਾਸ਼ਨ !

**ਮਰਦ ਸੂਤਰਧਾਰ :** ਹਾਂ ਜੀ ਹੋਈ ਸੀ ਗੱਲ ਕਿ ਇਹ ਫਰਮ ਨਿਊਯਾਰਕ ਵਿਖੇ ਸਥਾਪਤ ਹੈ ਅਤੇ ਜਲਵਾਯੂ ਸਬੰਧੀ ਘਟਨਾਵਾਂ ਦੀ ਗਣਿਤਕ ਮਾਡਲਿੰਗ ਕਰਦੀ ਹੈ ਯਾਣੀ ਇਹ ਜਲਵਾਯੂ ਬਦਲਾਅ ਦੇ ਖੇਤਰ ਵਿੱਚ ਯਾਣੀ ਪੂਰਵ ਇਤਿਹਾਸਕ ਕਾਲ ਲਈ ਸਾਫਟਵੇਅਰ ਤਿਆਰ ਕਰਨ ਦਾ ਕੰਮ

**ਔਰਤ ਸੂਤਰਾਧਾਰ:** ਹੋਈ ਸੀ ਚਰਚਾ ਕਿ ਜਲਵਾਯੂ ਬਦਲਾਓ ਦਾ ਅਧਿਅਨ ਜੰਗਾਂ ਨਾਲ ਜੋੜ ਕੇ ਵੀ ਕੀਤਾ ਜਾਂਦਾ ਹੈ ! ਵਿਗਿਆਨੀਆਂ ਨੇ ਗਲੋਬਲ ਵਾਰਮਿੰਗ ਅਤੇ ਅਲੱਗ-ਅਲੱਗ ਦੇਸ਼ਾਂ ਵਿੱਚ ਹੋ ਰਹੀਆਂ ਲੜਾਈਆਂ ਵਿਚਕਾਰ ਕੁਝ ਸਬੰਧ ਵੀ ਲੱਭੇ ਹਨ ! ਸੀਰੀਆ ਦੀ ਹਿੰਸਾ ਨੇ ਜਲਵਾਯੂ ਬਦਲਾਅ ਵਿੱਚ ਜੰਗਾਂ ਦੀ ਭੂਮਿਕਾ ਦੇ ਖੇਤਰ ਵਿੱਚ ਖੋਜ ਕਾਰਜਾਂ ਨੂੰ ਕਾਫੀ ਤੇਜ ਕੀਤਾ ਹੈ।

**ਮਰਦ ਸੂਤਰਧਾਰ :** ਹਾਂ ! ਦੋ ਯਾਤਰੀਆਂ ਦੀ ਚਰਚਾ ਰਾਹੀਂ ਕਿਸ ਖੂਬਸੂਰਤੀ ਨਾਲ ਪੇਸ਼ ਹੋਇਆ ਸੀ ਮੁੱਦਾ ਜੰਗਾਂ ਕਾਰਨ ਹੋਣ ਵਾਲੀ ਤਬਾਹੀ ਦਾ ਅਤੇ ਇਸੇ ਦੌਰਾਨ ਇਨ੍ਹਾਂ ਜੰਗਾਂ ਵਿੱਚ ਜਲਵਾਯੂ ਬਦਲਾਅ ਕਾਰਨ ਹੋਣ ਵਾਲੇ ਵਾਧੇ ਦਾ !

**ਔਰਤ ਸੂਤਰਾਧਾਰ:** ਹੋਈ ਸੀ ਚਰਚਾ ਕਿ ਜਲਵਾਯੂ ਬਦਲਾਅ ਕਾਰਨ ਘਟਦੀ ਭੋਜਨ ਸੁਰੱਖਿਆ , ਘਟਦੀ ਉਪਲਬਧਤਾ ਪਾਣੀ ਦੀ ਅਤੇ ਆਬਾਦੀ ਦਾਂ ਵਿਸਥਾਪਣ ਦੀ ਸਮੱਸਿਆ ਜਨਮ ਦਿੰਦੀ ਹੈ ਜੰਗਾਂ ਨੂੰ ! ਸੁਣੀ ਸੀ ਹਕੀਕਤ ਇਹ ਵੀ ਕਿ ਸ਼ਾਂਤ ਦਿਨ ਵੇਲੇ ਵੀ ਕਿਸੇ ਤੇਜ਼ ਨਿਸ਼ਾਨਚੀ ਦੀ ਗੋਲੀ ਤੁਹਾਡੇ ਸੀਨਾ ਬਿੰਨ੍ਹ ਸਕਦੀ ਹੈ। ਫੌਜਾਂ ਦੁਆਰਾ ਵਿਛਾਈਆਂ ਗਈਆਂ ਬਾਰੂਦੀ ਸੁਰੰਗਾਂ ਅਤੇ ਅਣਚੱਲੇ ਬਚੇ ਰਹਿ ਗਏ ਬੰਬ ਵੀ ਪਏ ਹੁੰਦੇ ਹਨ ਜੋ ਕਿਸੇ ਵੇਲੇ ਵੀ ਫਟ ਸਕਦੇ ਹਨ।

**ਮਰਦ ਸੂਤਰਧਾਰ :** ਹਾਂ ! ਸੁਣੀ ਸੀ ਕਹਾਣੀ ਯੂ ਐਨ ਡੀ ਪੀ (ਯੂਨਾਇਟਿਡ ਨੇਸ਼ਨਜ਼ ਡੈਵਲਪਮੈਂਟ ਪ੍ਰੋਗਰਾਮ) ਯਾਨੀ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਦੀ ! ਇਸ ਸੰਸਥਾ ਵੱਲੋਂ ਅਰਬ ਖੇਤਰ ਵਿਚ ਹੋ ਰਹੇ ਝਗੜਿਆਂ ਨਾਲ ਜਲਵਾਯੂ-ਤਬਦੀਲੀ ਦੇ ਸਬੰਧ ਬਾਬਤ ਖੋਜਾਂ ਤੇ ਕਥਨਾਂ ਦੀ !

**ਔਰਤ ਸੂਤਰਾਧਾਰ:** ਹੋਈ ਸੀ ਚਰਚਾ ਕਿ ਖੇਤੀ ਅਧਾਰਤ ਸੱਭਿਅਤਾ ਦੀ ਜਨਮ-ਭੂਮੀ ਰਹੇ ਅਰਬ ਦੇ ਇਲਾਕੇ ਹੁਣ ਜਲਵਾਯੂ-ਤਬਦੀਲੀ ਦੀ ਰਫ਼ਤਾਰ ਪਹਿਲਾਂ ਨਾਲੋਂ ਕਾਫੀ ਤੇਜ ਹੋ ਗਈ ਹੈ ਜਿਸ ਕਾਰਨ ਸਮਾਜ ਅਤੇ ਸਰਕਾਰਾਂ ਨੂੰ ਇਸ ਨਾਲ ਨਜਿੱਠਣਾ ਔਖਾ ਹੋ ਰਿਹਾ ਹੈ ਜਿਸ ਕਾਰਨ ਜੰਗਾਂ ਦੀ ਸੰਬਾਵਣਾ ਵੱਧ ਰਹੀ ਹੈ !

**ਮਰਦ ਸੂਤਰਧਾਰ :** ਸੁਣੀ ਸੀ ਤੁਸੀਂ ਇੱਕ ਹਕੀਕਤ ਦੀ ਗਾਥਾ ਵੀ ਕਿ ਹੁਣ ਤਾਂ ਸਬੂਤ ਦਰਸਾਉਂਦੇ ਹਨ ਕਿ ਅਰਬ ਖੇਤਰ ਆਉਂਦੇ 25 ਸਾਲ ਦੌਰਾਨ ਆਏ ਜਲਵਾਯੂ ਬਦਲਾਅ ਕਾਰਨ ਪੈਣ ਵਾਲੇ ਉਸ ਮਹਾਂ-ਸੋਕੇ ਦਾ ਕੇਂਦਰ ਬਣੇਗਾ, ਜਿਸਦੀ ਤੀਬਰਤਾ, ਇਕ ਹਜ਼ਾਰ ਸਾਲ ਪਹਿਲਾਂ ਆਏ ਇਤਿਹਾਸ ਕਾਲੀਨ ਸੋਕਿਆਂ ਦੇ ਬਰਾਬਰ ਹੋਵੇਗੀ ! ਸਦੀ ਦੇ ਅੱਧ ਤੱਕ ਇਸ ਖੇਤਰ ਦੇ ਕੁਝ ਹਿੱਸੇ ਵਸੋਂ ਯੋਗ ਨਹੀਂ ਰਹਿਣਗੇ।

**ਔਰਤ ਸੂਤਰਧਾਰ**: ਸੁਣਾਈ ਸੀ ਕਹਾਣੀ ਸੀਰੀਆ ਵਿੱਚਲੇ ਸੋਕੇ ਦੀ ਵੀ ! ਜਿਸ ਨੇ ਖਤਮ ਕਰ ਦਿੱਤਾ 20% ਤੋਂ ਵੀ ਜ਼ਿਆਦਾ ਪੇਂਡੂ ਆਬਾਦੀ ਦੀ ਰੋਜ਼ੀ-ਰੋਟੀ ਨੂੰ ਅਤੇ ਉਜਾੜ ਦਿੱਤਾ 10 ਲੱਖ ਦੀ ਆਬਾਦੀ ਨੂੰ ! ਸਮਾਜਿਕ ਕਮਜੋਰੀਆਂ ਪੈਦਾ ਹੋਣ ਕਾਰਨ ਵਿਦਰੋਹੀ ਕਾਰਵਾਈਆਂ ਵਧ ਗਈਆਂ ਹਨ ।ਜਲਵਾਯੂ ਤਬਦੀਲੀ ਕਾਰਨ ਪੈਣ ਵਾਲੇ ਪ੍ਰਭਾਵਾਂ ਕਰਕੇ ਇਰਾਕ, ਸੁਡਾਨ ਅਤੇ ਯਮਨ ਵਿਚ ਵੀ ਅਸਥਿਰਤਾ ਵਧੀ ਹੈ !

**ਮਰਦ ਸੂਤਰਧਾਰ :** ਸੁਣੀ ਸੀ ਕਹਾਣੀ 2007 ਦੇ ਸ਼ਾਂਤੀ ਲਈ ਨੋਬਲ ਪੁਰਸਕਾਰ ਜੇਤੂ IPCC ਯਾਣੀ ਜਲਵਾਯੂ ਤਬਦੀਲੀ ਸਬੰਧੀ ਅੰਤਰ-ਸਰਕਾਰੀ ਦਲ ਦੀ ! ਜਲਵਾਯੂ-ਬਦਲਾਅ ਅਤੇ ਉਸਦੇ ਪ੍ਰਭਾਵਾਂ ਦੇ ਸਾਰੇ ਪਹਿਲੂਆਂ ਸਬੰਧੀ ਮੁਲਾਂਕਣ ਰਿਪੋਰਟਾਂ ਤਿਆਰ ਕਰਨ ਵਾਸਤੇ ਕੀਤਾ ਸੀ ਇਸਦਾ ਗਠਨ ਵਿਸ਼ਵ ਮੌਸਮ ਵਿਗਿਆਨ ਸੰਗਠਨ ਅਤੇ UNEP ਯਾਣੀ ਸੰਯੁਕਤ ਰਾਸ਼ਟਰ ਵਾਤਾਵਰਨ ਪ੍ਰਾਗਰਾਮ ਨੇ ! ਉਦੇਸ਼ ਹੈ ਇਸਦਾ ਹਕੀਕੀ ਪ੍ਰਤੀਕਰਿਆ ਅਤੇ ਰਣਨੀਤੀਆਂ ਤਿਆਰ ਕਰਨਾ !

**ਔਰਤ ਸੂਤਰਧਾਰ**: ਸੁਣਾਈ ਸੀ ਗਾਥਾ ਜਲਵਾਯੂ-ਤਬਦੀਲੀ ਬਾਬਤ ਉਨ੍ਹਾਂ ਛੇ ਬਹੁਤ ਹੀ ਮਹੱਤਵਪੂਰਨ ਰਿਪੋਰਟਾਂ ਦੀ ਜਿਨ੍ਹਾਂ ਵਿੱਚੋਂ ਚੌਥੀ ਮੁਲਾਂਕਣ ਰਿਪੋਰਟ ਵਿੱਚ ਜਲਵਾਯੂ-ਤਬਦੀਲੀ ਨੂੰ, ਟਿਕਾਊ ਵਿਕਾਸ ਦੀਆਂ ਨੀਤੀਆਂ, ਬਚਾਓ ਦੇ ਉਪਾਵਾਂ ਅਤੇ ਆਪਣੇ ਆਪ ਨੂੰ ਇਨ੍ਹਾਂ ਬਦਲਾਵਾਂ ਅਨੁਸਾਰ ਢਾਲਣ ਲਈ ਪ੍ਰਬੰਧਾਂ, ਦੇ ਨਾਲ ਜੋੜਣ ਦੀਆਂ ਕੀਤੀਆਂ ਗਈਆਂ ਹਨ ਕੋਸ਼ਿਸ਼ਾਂ !

**ਮਰਦ ਸੂਤਰਧਾਰ :** ਸੁਣੀ ਸੀ ਅਸੀਂ ਹਕੀਕਤ ਕਿ ਕਿਵੇਂ ਜਲਵਾਯੂ ਬਦਲਾਅ ਹੋ ਰਿਹਾ ਹੈ ਮਨੁੱਖੀ ਗਤੀਵਿਧੀਆਂ ਕਾਰਨ , ਮੌਜੂਦਾ ਵਿਕਾਸ ਮਾਡਲ ਦੁਆਰਾ ਸਿਰਜੀ ਖਪਤਵਾਦੀ ਜੀਵਣਸ਼ੈਲੀ ਕਾਰਨ ! ਇਸਦੇ ਨੁਕਸਾਨ ਉਪਰ ਨਿਯੰਤਰਣ ਦੇ ਲਈ ਸਾਡਾ ਯੋਗਦਾਨ ਹੋਵੇਗਾ ਕਿ ਅਸੀਂ ਕਾਰਬਨ ਡਾਇਕਸਾਈਡ ਵਰਗੀਆਂ ਗ੍ਰੀਨ-ਹਾਊਸ ਗੈਸਾਂ ਦੇ ਉਤਸਰਜਨ ਨੂੰ ਸੀਮਤ ਕਰੀਏ!

**ਔਰਤ ਸੂਤਰਧਾਰ**: ਸੁਣਾ ਦਿੱਤਾ ਸੀ ਇਹ ਇਤਿਹਾਸਕ ਤੱਥ ਵੀ ਕਿ 1979 ਵਿੱਚ ਹੋਈ ਪਹਿਲ-ਪਲੇਠੀ ਸੰਸਾਰ-ਜਲਵਾਯੂ-ਕਾਨਫਰੰਸ ਇਸ ਸਿੱਟੇ ‘ਤੇ ਪਹੁੰਚੀ ਸੀ ਕਿ ਜਲਵਾਯੂ ਬਦਲਾਅ ਧਿਆਨ ਦੇਣ ਵਾਲੀ ਇਕ ਵਿਸ਼ਵ-ਪੱਧਰੀ ਸਮੱਸਿਆ ਬਣ ਗਈ ਹੈ। ਇਸ ਸੰਸਥਾ ਨੇ ਜਲਵਾਯੂ ਬਦਲਾਅ ਤੋਂ ਹੋਣ ਵਾਲੇ ਖਤਰਿਆਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਤੋਂ ਬਚਾਅ ਬਾਰੇ ਸੋਚਣ ਦੀ ਲੋੜ ਬਾਬਤ ਇਕ ਐਲਾਨ-ਨਾਮਾ ਜਾਰੀ ਕੀਤਾ ਸੀ !

**ਮਰਦ ਸੂਤਰਧਾਰ :** ਇਸੇ ਦਾ ਨਤੀਜਾ ਸੀ, ਵਿਸ਼ਵ ਮੌਸਮ ਵਿਗਿਆਨ ਸੰਗਠਨ (WMO), ਸੰਯੁਕਤ ਰਾਸ਼ਟਰ ਵਾਤਾਵਰਨ ਪ੍ਰਾਗਰਾਮ (UNEP) ਅਤੇ ਵਿਗਿਆਨਕ ਸੰਗਠਨਾਂ ਦੀ ਅੰਤਰਰਾਸ਼ਟਰੀ ਪਰਿਸ਼ਦ (ICSU) ਦੁਆਰਾ ਸੰਚਾਲਿਤ ਇਕ ‘ਵਿਸ਼ਵ ਜਲਵਾਯੂ ਪ੍ਰੋਗਰਾਮ’ ਦੀ ਸਥਾਪਤੀ !

**ਔਰਤ ਸੂਤਰਧਾਰ**: ਸੁਣਾ ਦਿੱਤਾ ਸੀ ਇਹ ਸੱਚ ਵੀ ਕਿ ਬਦਲ ਰਹੇ ਜਲਵਾਯੂ ਸਬੰਧੀ 1988 ਦੀ ਟਰਾਂਟੋ-ਕਾਨਫਰੰਸ ਦੌਰਾਨ 46 ਦੇਸ਼ਾਂ ਤੋਂ ਆਏ 340 ਤੋਂ ਵੀ ਵੱਧ ਡੈਲੀਗੇਟਾਂ ਨੇ ਵਾਯੂਮੰਡਲ ਦੀ ਸੁਰੱਖਿਆ ਲਈ ਇਕ ਵਿਆਪਕ ਗਲੋਬਲ ਫਰੇਮਵਰਕ

ਕਨਵੈਂਸ਼ਨ ਤਿਆਰ ਕਰਨ ਲਈ ਸਰਬ ਸੰਮਤੀ ਨਾਲ ਸਿਫਾਰਿਸ਼ ਕੀਤੀ ਸੀ !

**ਮਰਦ ਸੂਤਰਧਾਰ** : ਹਾਂ ਜੀ ਇਸੇ ਦਾ ਨਤੀਜਾ ਸੀ ਕਿ ਮਾਲਟਾ ਵੱਲੋਂ ਪੇਸ਼ ਕੀਤੇ ਇਕ ਪ੍ਰਸਤਾਵ 'ਤੇ ਸੰਯੁਕਤ ਰਾਸ਼ਟਰ ਮਹਾਂਸਭਾ ਨੇ 43/53 ਵੋਟਾਂ ਨਾਲ ਇਕ ਮਤਾ ਪਾਸ ਕਰਕੇ ਪਹਿਲੀ ਵਾਰ ਜਲਵਾਯੂ ਤਬਦੀਲੀ ਦੇ ਮੁੱਦੇ ਨੂੰ ਛੂਹਿਆ।

**ਔਰਤ ਸੂਤਰਧਾਰ**: ਸੁਣਾ ਦਿੱਤਾ ਸੀ ਕਿੱਸਾ ਇਕ ਹੋਰ ਮਹੱਤਵਪੂਰਨ ਮੰਚ - UNFCC (ਯੁਨਾਈਟਿਡ ਨੇਸ਼ਨਜ਼ ਫਰੇਮਵਰਕ ਆਨ ਕਲਾਈਮੇਟ ਚੇਂਜ) ਭਾਵ ਜਲਵਾਯੂ-ਤਬਦੀਲੀ ਸਬੰਧੀ ਸੰਯੁਕਤ ਰਾਸ਼ਟਰ ਕਨਵੈਂਸ਼ਨ ਜਿਹੜੀ 1994 ਵਿੱਚ ਪੰਜਾਹ ਦੇਸ਼ਾਂ ਦੁਆਰਾ ਹਸਤਾਖਰ ਕਰਨ ਉਪਰੰਤ ਇਹ ਲਾਗੂ ਹੋ ਗਿਆ ।ਇਸ ਕਨਵੈਂਸ਼ਨ ਦੀਆਂ ਪਾਰਟੀਆਂ ਦੀ ਕਾਨਫਰੰਸ (ਸੀ.ਓ.ਪੀ) ਇਸਦੀ ਅੰਤਿਮ ਅਧਿਕਾਰਿਤ ਸੰਸਥਾ ਬਣ ਗਈ।

**ਮਰਦ ਸੂਤਰਧਾਰ** : ਹਾਂ ਜੀ ਇਨ੍ਹਾਂ ਪਾਰਟੀਆਂ ਦੇ 1995 ਦੇ ਬਰਲਿਨ ਸੈਸ਼ਨ ਦੌਰਾਨ ਉਦਯੋਗਿਕ ਵਿਕਾਸ ਕਰ ਚੁੱਕੇ ਦੇਸ਼ਾਂ ਦੁਆਰਾ ਨਿਭਾਏ ਜਾਣ ਵਾਲੇ ਵਾਅਦੇ ਕਰਵਾਉਣ ਲਈ "ਬਰਲਿਨ ਮੈਨਡੇਟ" 'ਤੇ ਵਿਚਾਰ-ਵਟਾਂਦਰਾ ਸ਼ੁਰੂ ਕੀਤਾ ਗਿਆ।

**ਔਰਤ ਸੂਤਰਧਾਰ**: ਸੁਣਾ ਦਿੱਤਾ ਸੀ ਕਹਾਣੀ ਜਾਪਾਨ ਦੇ ਕਿਓਟੋ ਵਿਖੇ COP-3 ਵੱਲੋਂ ਕਾਰਬਨ ਡਾਈਆਕਸਾਈਡ ਤੇ ਹੋਰ ਗ੍ਰੀਨ ਹਾਊਸ ਗੈਸਾਂ ਦਾ ਉਤਸਰਜਨ ਘਟਾਉਣ ਵਾਸਤੇ ਟੀਚੇ ਨਿਰਧਾਰਤ ਕਰਨ ਵਾਲੀ ਕਿਓਟੋ ਪ੍ਰੋਟੋਕੋਲ ਦੀ ਅਤੇ ਇਸ ਸੀ ਓ ਪੀ ਦੀਆਂ ਦੋ ਸਥਾਈ ਉੱਪ-ਸੰਸਥਾਵਾਂ 'ਵਿਗਿਆਨਕ ਤੇ ਤਕਨੀਕੀ ਸਲਾਹ ਲਈ ਅਤੇ 'ਲਾਗੂ ਕਰਨ ਲਈ ਉੱਪ-ਸੰਸਥਾ' ਦੀ ਵੀ !

**ਮਰਦ ਸੂਤਰਧਾਰ** : ਹਾਂ ਜੀ ਹੋਈ ਸੀ ਗੱਲ ਕਿ ਸੀ ਓ ਪੀ ਦਾ ਮੁਖੀ ਕਾਰਜਕਾਰੀ ਸਕੱਤਰ ਹੈ ਜਿਸ ਦੀ ਨਿਯੁਕਤੀ ਸੰਯੁਕਤ ਰਾਸ਼ਟਰ ਸੰਘ ਦੇ ਸਕੱਤਰ-ਜਨਰਲ, ਦੁਆਰਾ COP ਦੀ ਰਾਇ ਨਾਲ ਕੀਤੀ ਜਾਂਦੀ ਹੈ।ਸੰਯੁਕਤ ਰਾਸ਼ਟਰ ਸੰਘ ਹੀ ਇਸ ਦਾ ਪ੍ਰਸ਼ਾਸ਼ਨ ਚਲਾਉਂਦਾ ਹੈ !

**ਔਰਤ ਸੂਤਰਧਾਰ**: ਸੁਣਾ ਦਿੱਤਾ ਸੀ ਇਹ ਕਿੱਸਾ ਵੀ ਕਿ ਤਕਨਾਲੌਜੀ ਤਬਾਦਲੇ ਲਈ COP ਨੇ 2001 ਵਿੱਚ ਮੱਰਾਕੇਸ਼ ਸਮਝੌਤਿਆਂ ਤਹਿਤ ਇਕ ਮਾਹਿਰ ਦਲ ਦੀ ਸਥਾਪਨਾ ਕੀਤੀ ਹੈ ਜਿਹੜਾ ਕਨਵੈਂਸ਼ਨ ਦੇ ਅਧੀਨ ਵਾਤਾਵਰਨ ਪੱਖੀ ਤਕਨਾਲੌਜੀਆਂ ਦੇ ਤਬਾਦਲੇ ਲਈ ਵਿਗਿਆਨਕ ਅਤੇ ਤਕਨੀਕੀ ਸਲਾਹ ਦੇਣ ਵਾਲਾ 20 ਮਾਹਰਾਂ ਦਾ ਦਲ ਹੈ !

**ਮਰਦ ਸੂਤਰਧਾਰ** : ਹਾਂ ਜੀ ਮਰਾਕੇਸ਼ ਸਮਝੌਤੇ ਰਾਹੀਂ ਇੱਕ ਹੋਰ ਬਹੁਤ ਮਹੱਤਵਪੂਰਨ ਸਮੂਹ "ਲੀਸਟ ਡਿਵੈਲਪਡ ਕੰਟਰੀਜ਼ ਐਕਸਪਰਟ ਗਰੁੱਪ" ( LEG ) ਦਾ ਗਠਣ ਕੀਤਾ ਗਿਆ ਹੈ ਜਿਹੜਾ ਸਭ ਤੋਂ ਘੱਟ ਵਿਕਸਿਤ ਦੇਸ਼ਾਂ ਨੂੰ ਰਾਸ਼ਟਰੀ ਅਨੁਕੂਲਣ ਪ੍ਰੋਗਰਾਮ ਬਨਾਉਣ ਅਤੇ ਲਾਗੂ ਕਰਨ ਲਈ ਸਲਾਹ ਦਿੰਦਾ ਹੈ।

**ਔਰਤ ਸੂਤਰਧਾਰ**: ਸੁਣਾ ਦਿੱਤਾ ਸੀ ਕਿਸਾ ਇਹ ਵੀ ਕਿ ਇਸਨੇ ਵੱਖ ਵੱਖ ਮੁੱਦਿਆਂ 'ਤੇ ਕੀਤੇ ਨੇ ਸੰਮੇਲਨ ਵੀ ਜਿਵੇਂ 'ਜੈਵ ਵਿਭਿੰਨਤਾ ਸਬੰਧੀ ਕਨਵੈਂਸ਼ਨ', 'ਮਾਰੂਥਲੀਕਰਨ ਰੋਕਣ ਲਈ ਸੰਯੁਕਤ ਰਾਸ਼ਟਰ ਕਨਵੈਂਸ਼ਨ', ਜਲਗਾਹਾਂ ਸਬੰਧੀ ਕਨਵੈਂਸ਼ਨ ਹੈ। ਇਹ ਸੰਨ 1971 ਵਿਚ ਇਰਾਨ ਵਿਚ ਰਾਮਸਰ ਨਾਂ ਦੇ ਸਥਾਨ 'ਤੇ ਹੋਈ ਸੀ।

**ਮਰਦ ਸੂਤਰਧਾਰ** : ਦਰਅਸਲ 1972 ਦੀ ਸਟੋਕਹੋਲਮ , ਸਵੀਡਨ ਵਿਖੇ ਹੋਈ ਮਨੁੱਖੀ ਵਾਤਾਵਰਣ ਨਾਲ ਸਬੰਧਤ ਪਹਿਲੀ ਕਾਨਫਰੈਂਸ ਤੋਂ ਬਾਅਦ ਰਿਓ ਡੀ ਜਨੇਰੋ ਦੇ 1992 ਦੇ ਧਰਤ ਸੰਮੇਲਨ ਨਾਲ ਵਾਤਾਵਰਣ ਦੇ ਮੁੱਦੇ ਤੇ ਕੰਮ ਕਾਫੀ ਤੇਜ ਹੋ ਗਿਆ !

**ਔਰਤ ਸੂਤਰਧਾਰ**: ਸੁਣਾ ਦਿੱਤਾ ਸੀ ਕਿਸਾ ਕਿ ਧਰਤ ਸੰਮੇਲਣ ਦੌਰਾਨ 9 ਮਈ 1992 ਨੂੰ ਗਠਨ ਕੀਤਾ ਗਿਆ UNFCC (ਯੁਨਾਈਟਿਡ ਨੇਸ਼ਨਜ਼ ਫਰੇਮਵਰਕ ਆਨ ਕਲਾਈਮੇਟ ਚੇਂਜ) ਭਾਵ ਜਲਵਾਯੂ-ਤਬਦੀਲੀ ਸਬੰਧੀ ਸੰਯੁਕਤ ਰਾਸ਼ਟਰ ਕਨਵੈਂਸ਼ਨ

**ਮਰਦ ਸੂਤਰਧਾਰ** : ਹਾਂ ! ਇਸੇ ਦਿਸ਼ਾ ਵਿੱਚ ਬਹੁਤ ਹੀ ਮਹੱਤਵਪੂਰਨ ਹੈ ਪਾਰਟੀਆਂ ਦੀ ਤੀਜੀ ਕਾਨਫਰੈਂਸ ਜਿਹੜੀ ਜਾਪਾਨ ਦੇ ਸ਼ਹਿਰ ਕਿਓਟੋ ਵਿਖੇ 1997 ਵਿੱਚ ਹੋਈ ਅਤੇ ਇਸ ਨੇ 11 ਦਸੰਬਰ 1997 ਨੂੰ ਕਿਓਟੋ ਮਰਿਆਦਾ ਸਮਝੌਤਾ ਤਿਆਰ ਕੀਤਾ ।

**ਔਰਤ ਸੂਤਰਧਾਰ** : ਹਾਂ ! ਇਸ ਸੰਮੇਲਣ ਦੌਰਾਨ ਕਿਓਟੋ ਮਰਿਆਦਾ ਸਮਝੌਤੇ ਵਿੱਚ ਜਿਨ੍ਹਾਂ ਹਰਿਤ ਘਰ ਪ੍ਰਭਾਵ ਗੈਸਾਂ ਨੂੰ ਘਟਾਉਣ ਦੀ ਗੱਲ ਹੋਈ ਸੀ ਉਨ੍ਹਾਂ ਵਿੱਚ ਕਾਰਬਨਡਾਈਅਕਸਾਈਡ ਦੇ ਇਲਾਵਾ ਮੀਥੇਨ, ਨਾਈਟਰਸ ਅਕਸਾਈਡ, ਹਾਈਡਰੋਫਲੋਰੋਕਾਰਬਨਜ਼, ਪਰਫਲੋਰੋਕਾਰਬਨਜ਼, ਸਲਫਰ ਹੈਕਸਾ ਫਲੋਰਾਈਡ!

**ਮਰਦ ਸੂਤਰਧਾਰ** : ਇੱਥੇ ਹਰਿਤ ਘਰ ਪ੍ਰਭਾਵ ਗੈਸਾਂ ਦੇ ਉਤਸਰਜਨ ਦੇ ਹਿਸਾਬ ਨਾਲ ਮੁਲਕਾਂ ਨੂੰ ਵੰਡਿਆ ਗਿਆ ਤਿੰਨ ਸ੍ਰੇਣੀਆਂ ਦੇ ਵਿੱਚ ! ਪਹਿਲੀ ਸ੍ਰੇਣੀ ਵਿੱਚ ਅਮਰੀਕਾ ਇੰਗਲੈਂਡ ਤੇ ਆਸਟ੍ਰੇਲੀਆ ਵਰਗੇ ਵਿਕਸਿਤ ਮੁਲਕ , ਯੂਰਪੀਅਨ ਯੂਨੀਅਨ ਦੇ ਮੁਲਕ ਅਤੇ ਪੁਰਣੇ ਸੋਵੀਅਤ ਯੂਨੀਅਨ ਦੇ ਇਸਟੋਨਿਆ, ਬਾਇਲਾਰੂਸ ਵਰਗੇ ਬਦਲਾਅ ਦੇ ਦੌਰ ਵਿੱਚ ਚੱਲ ਰਹੇ ਅਰਥਚਾਰੇ ਸ਼ਾਮਲ ਸਨ !

**ਔਰਤ ਸੂਤਰਧਾਰ** : ਅਨੁਲੱਗ ਬੀ ਯਾਣੀ ਦੂਜੀ ਸੂਚੀ ਵਿੱਚ ਸ਼ਾਮਲ ਹਨ ਵਿਕਾਸਸ਼ੀਲ ਮੁਲਕ ਤੇ ਤੀਜੀ ਵਿੱਚ ਨੇ 49 ਉਹ ਮੁਲਕ ਜਿਹੜੇ ਅਤਿ ਘੱਟ ਵਿਕਸਿਤ ਹਨ ਅਤੇ ਜਿਨ੍ਹਾਂ ਦੀ ਸਮਰੱਥ ਜਲਵਾਯੂ ਬਦਲਾਅ ਦੇ ਮਾਪਦੰਡਾਂ ਨੂੰ ਲਾਗੂ ਕਰਨ ਵਿੱਚ ਬਹੁਤ ਹੀ ਘੱਟ ਹੈ ।

**ਮਰਦ ਸੂਤਰਧਾਰ** : ਇੱਥੇ ਹੀ ਫੈਸਲਾ ਹੋਇਆ ਸੀ ਕਿ ਓ ਈ ਸੀ ਡੀ ( ਆਰਥਿਕ ਸਹਿਯੋਗ ਤੇ ਵਿਕਾਸ ਸੰਗਠਨ) ਦੇ ਮੁਲਕ ਵਿਕਾਸਸੀਲ ਮੁਲਕਾਂ ਦੀ ਜਲਵਾਯੁ ਬਦਲਾਅ ਦੀ ਰਫਤਾਰ ਨੂੰ ਘਟਾਉਣ ਲਈ ਚੁੱਕੇ ਜਾਣ ਵਾਸਤੇ ਕਦਮਾਂ ਲਈ ਆਰਥਿਕ ਮੱਦਦ ਕਰਨਗੇ !

**ਔਰਤ ਸੂਤਰਧਾਰ** : ਇੱਥੇ ਫੈਸਲਾ ਹੋਇਆ ਸੀ ਕਿ 2008 ਤੋਂ 2012 ਤੱਕ ਇਨ੍ਹਾਂ ਗੈਸਾਂ ਦਾ ਉਤਸਰਜਨ 1990 ਵਿੱਚ ਹੋ ਰਹੇ ਉਤਸਰਜਨ ਦੇ ਮੁਕਾਬਲੇ 5% ਘਟਾਇਆ ਜਾਵੇਗਾ , ਪਰ ਅਮਰੀਕਾ ਨੇ ਇਸ ‘ਤੇ ਸਹਿਮਤੀ ਨਹੀਂ ਪਾਈ !

**ਮਰਦ ਸੂਤਰਧਾਰ** : ਇੱਥੇ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਯੂਰਪੀਅਨ ਯੂਨੀਅਨ ਸਮੇਤ 37 ਦੇਸਾਂ ਨੇ ਇਸ ਨੂੰ ਲਾਗੂ ਕਰਨ ਦਾ ਆਪਣੇ ਪੱਧਰ ‘ਤੇ ਫੈਸਲਾ ਕਰ ਲਿਆ !

**ਔਰਤ ਸੂਤਰਧਾਰ** : ਇੱਥੇ ਇਹ ਵੀ ਸੁਣਾਈ ਸੀ ਕਹਾਣੀ ਕਿ ਅਮਰੀਕਾ ਦੀ ਮੈ ਨਾ ਮਾਨੂੰ ਵਾਲੀ ਸਥਿਤੀ ਉਥੇ ਚਲਦੇ ਅੰਨ੍ਹੇ ਮੁਨਾਫੇ ਵਾਲੇ ਵਿਕਾਸ ਮਾਡਲ ਨਾਲ ਸਿਰਜੀ ਜੀਵਣ ਸ਼ੈਲੀ ਵਿੱਚ ਬਦਲਾਅ ਕਰਨ ਤੋਂ ਉਹ ਝਿਜਕ ਰਹੇ ਹਨ !

**ਮਰਦ ਸੂਤਰਧਾਰ** : ਕਾਰਬਨ ਪੈੜਾਂ ਜਾਂ ਫੁੱਟ ਪ੍ਰਿੰਟਸ ਬਾਬਤ ਗੱਲ ਕਰਦੇ ਹੋਏ ਦੱਸਿਆ ਸੀ ਕਿ ਇਸਦਾ ਭਾਵ ਹੈ ਹਰਿਤ ਘਰ ਪ੍ਰਭਾਵ ਗੈਸਾਂ ਦੇ ਉਤਸਰਜਨ ਦੀ ਕਾਰਬਨ ਦੀ ਉਤਸਰਜਿਤ ਮਾਤਰਾ ਦੀ ਬਰਾਬਰੀ ਦੇ ਰੂਪ ਵਿੱਚ ਮਾਤਰਾ, ਜਿਹੜੀ ਕਿਸੇ

ਵਿਅਕਤੀ , ਅਦਾਰੇ , ਜਾਂ ਵਰਤਾਰੇ ਦੌਰਾਨ ਉਤਸਰਜਿਤ ਹੁੰਦੀ ਹੈ ।ਇਸ ਨੂੰ ਕਾਰਬਨ ਡਾਈਅਕਸਾਈਡ ਦੀ ਬਰਾਬਰੀ ਦੇ ਟਨਾਂ ਵਿੱਚ ਮਿਣਿਆ ਜਾਂਦਾ ਹੈ !

**ਔਰਤ ਸੂਤਰਧਾਰ :** ਸੁਣਾ ਦਿੱਤਾ ਸੀ ਕਿੱਸਾ ਕਾਰਬਨ ਕਰੈਡਿਟ ਦਾ ਵੀ ਕਿ ਇਹ ਹਰਿਤ ਘਰ ਪ੍ਰਭਾਵ ਗੈਸਾਂ ਦੇ ਉਤਸਰਜਨ ਦੀ ਘਟਾਈ ਦੀ ਇਕਾਈ ਹੈ ਅਤੇ ਉਤਸਰਜਨ ਘਟਾਉਣ ਨਾਲ ਮਾਤਰਾ ਅਨੁਸਾਰ ਇਹ ਕਿਸੇ ਮੁਲਕ ਅਦਾਰੇ ਜਾਂ ਵਿਅਕਤੀ ਦੇ ਖਾਤੇ ਇਕੱਤਰ ਹੁੰਦੀ ਜਾਂਦੀ ਹੈ ਅਤੇ ਉਹ ਇਸ ਨੂ ਕਿਸੇ ਹੋਰ ਕੋਲ ਵੇਚ ਸਕਦਾ ਹੈ । ਇਸ ਤਰ੍ਹਾਂ ਕਾਰਬਨ ਕ੍ਰੈਡਿਟ ਵੇਣ ਕੇ ਵੀ ਉਹ ਆਪਣੇ ਅਰਥਚਾਰੇ ਵਿੱਚ ਪੈਸਾ ਜਮ੍ਹਾ ਕਰ ਸਕਦੇ ਹਨ !

**ਮਰਦ ਸੂਤਰਧਾਰ :** ਇੱਥੇ ਇਹ ਵੀ ਹੋ ਗਈ ਸੀ ਚਰਚਾ ਕਿ ਭਾਰਤ ਤੇ ਚੀਨ ਨੇ ਕਰਬਨ ਕ੍ਰੈਡਿਟਾਂ ਦੇ ਸਭ ਤੋਂ ਵੱਡੇ ਵਿਕ੍ਰੇਤਾ ਅਤੇ ਯੂਰਪ ਹੈ ਸੱਭ ਤੋਂ ਵੱਡਾ ਗਾਹਕ !

**ਔਰਤ ਸੂਤਰਧਾਰ :** ਕਹਾਣੀ ਸੁਣੀ ਸੀ ਅਸੀਂ ਕਿ ਕਿਓਟੋ ਮਰਿਆਦਾ ਸਮਝੋਤਾ ਦਾ ਦਿਸ਼ਾ ਵਿੱਚ ਹਰਿਤ ਘਰ ਪ੍ਰਭਾਵ ਗੈਸਾਂ ਦੇ ਉਤਸਰਜਨ ਨੂੰ ਘਟਾ ਕੇ ਕਾਰਬਨ ਕ੍ਰੈਡਿਟ ਕਮਾਉਣ ਦਾ ਵਧੀਆ ਤਰੀਕਾ ਹੈ ਕੁਸ਼ਲਤਾ ਵਾਲੀਆਂ ਪੁਨਰ-ਚਕਰੀਕਰਨ ਇਕਾਈਆਂ ਲਗਾ ਕੇ ਪਦਾਰਥਾਂ ਦਾ ਪੁਨਰ -ਚਕਰੀਕਰਨ ਕਰਨਾ !

**ਮਰਦ ਸੂਤਰਧਾਰ :** ਗੱਲ ਹੋ ਗਈ ਸੀ ਕਿ ਹਰਿਤ ਘਰ ਪ੍ਰਭਾਵ ਗੈਸਾਂ ਨੂੰ ਘੱਟ ਕਰਨ ਦੇ ਨਾਲ ਨਾਲ ਹੀ ਅਮੋਨੀਆ ਵਰਗੀਆਂ ਗੈਸਾਂ ਦੇ ਰਿਸਾਵ ਨੂੰ ਵੀ ਰੋਕਣਾ ਜਰੂਰੀ ਹੈ ।

**ਔਰਤ ਸੂਤਰਧਾਰ :** ਸੁਣਾਈ ਤਾਂ ਗਾਥਾ ਉਹ ਵੀ ਸੀ ਜਿਸ ਵਿੱਚ ਖਾਦਾਂ ਤੇ ਕੀਟ ਨਾਸ਼ਕਾਂ ਦੇ ਉਦਯੋਗਾਂ ਵਿੱਚ ਕੰਮ ਕਰਦੇ ਕਾਮਿਆਂ ਵਿੱਚ ਹੋ ਰਹੇ ਨੇ ਅਨੇਕਾਂ ਪ੍ਰਕਾਰ ਦੇ ਰੋਗ !

**ਮਰਦ ਸੂਤਰਧਾਰ :** ਸੁਣਾ ਦਿੱਤਾ ਸੀ ਕਿੱਸਾ ਮਨੁੱਖੀ ਗੁਜਰ -ਬਸਰ ਦਾ ਵੀ ਕਿਵੇਂ ਸਾਨੂੰ ਬੈਠਾਉਣਾ ਪੈਣਾ ਹੈ ਸੰਤੁਲਨ ਜਲਵਾਯੂ ਬਦਲਾਅ ਦੀ ਗਤੀ ਨੂੰ ਘਟਾਉਣ ਦੇ ਯਤਨਾਂ ਅਤੇ ਲੋਕਾਂ ਦੀ ਰੋਜੀ ਰੋਟੀ ਦੇ ਮਾਮਲਿਆਂ ਦੇ ਦਰਮਿਆਨ !

**ਔਰਤ ਸੂਤਰਧਾਰ :** ਹੋਈ ਸੀ ਗੱਲ ਕਿ ਅਮਰੀਕਾ ਵਰਗਾ ਵਿਕਸਿਤ ਦੇਸ 2015 ਦੇ ਪੈਰਿਸ ਸਮਝੌਤੇ ਵਿੱਚ ਪਿਛਾਂਹ ਪੈਰ ਖਿੱਚਣ ਤੋਂ ਬਾਅਦ 2016 ਵਿੱਚ ਤਾਂ ਸ਼ਾਮਲ ਹੋ ਗਿਆ ਪਰ ਜੁਲਾਈ 2017 ਵਿੱਚ ਮੁੜ ਪਿੱਛੇ ਹਟ ਗਿਆ ਹੈ ਜਦ ਕਿ ਨਿਯਮਾਂ ਅਨੁਸਾਰ ਉਹ 2020 ਤੱਕ ਇਸ ਨੂੰ ਛੱਡ ਨਹੀਂ ਸਕਦਾ ਯਾਣੀ ਇਸ ਵਿੱਚੋਂ ਬਾਹਰ ਨਹੀਂ ਨਿੱਕਲ ਸਕਦਾ !

**ਮਰਦ ਸੂਤਰਧਾਰ :** ਇੱਥੇ ਇਸ ਮਾਮਲੇ ਦਾ ਦੂਜਾ ਪਾਸਾ ਇਹ ਵੀ ਤਾਂ ਸੁਣਾਇਆ ਸੀ ਕਿ ਦੁਨੀਆਂ ਦੇ 184 ਦੇਸਾਂ ਨੇ ਪੈਰਿਸ ਸਮਝੋਤੇ 'ਤੇ ਸਹੀ ਵੀ ਪਾ ਦਿੱਤੀ ਅਤੇ ਨਵੰਬਰ 2016 ਤੋਂ ਇਹ ਲਾਗੂ ਵੀ ਹੋ ਗਿਆ !

**ਔਰਤ ਸੂਤਰਧਾਰ :** ਹਾਂ ਜੀ ! ਇੰਝ ਤਾਂ ਵਿਕਾਸਸੀਲ ਮੁਲਕਾਂ ਦੀ ਮਦਦ ਵਾਸਤੇ ਜੋ 18 ਵਿਕਸਿਤ ਮੁਲਕਾਂ ਨੇ ਹਰ ਸਾਲ 100 ਬਿਲੀਅਨ ਡਾਲਰ ਦੀ ਰਾਸ਼ੀ ਜੁਟਾਉਣੀ ਸੀ ਉਸ ਵਿੱਚੋਂ ਵੀ 70 ਬਿਲੀਅਨ ਡਾਲਰ ਤਾਂ ਜਮ੍ਹਾਂ ਹੋ ਵੀ ਗਏ ਹਨ !

**ਮਰਦ ਸੂਤਰਧਾਰ :** ਇੱਥੇ ਕਾਰੀਗਰਾਂ ਨੂੰ ਸਿੱਖਿਅਤ ਕਰਕੇ ਨਵੇਂ ਰੋਜ਼ਗਾਰ ਉਪਲਬਧ ਕਰਵਾਉਣ ਦੀ ਵੀ ਲੋੜ ਨੂੰ ਕੇਂਦ੍ਰਿਤ ਕੀਤਾ ਗਿਆ ਸੀ ।ਸਵੱਛ ਵਾਤਾਵਰਨ ਦੇ ਨਾਂ 'ਤੇ ਲੋਕਾਂ ਤੋਂ ਕੰਮ ਨਹੀਂ ਖੋਹ ਕੇ ਸਮਾਜ ਅਤੇ ਦੇਸ਼ ਵਿਚ ਅਸ਼ਾਂਤੀ ਨਹੀਂ ਫੈਲਾਈ ਜਾ ਸਕਦੀ ! ਬੇਸ਼ੱਕ ਵਾਤਾਵਰਨ ਦੀ ਸੁਰੱਖਿਆ ਅਤੇ ਲੋਕਾਂ ਦੀ ਰੋਜ਼ੀ-ਰੋਟੀ ਦੋ ਅਲੱਗ-ਅਲੱਗ ਮੁੱਦੇ ਹਨ ਪਰ ਇਨ੍ਹਾਂ ਨੂੰ ਬਿਲਕੁਲ ਅਲੱਗ ਵੀ ਨਹੀਂ ਕੀਤਾ ਜਾ ਸਕਦਾ !

**ਔਰਤ ਸੂਤਰਧਾਰ :** ਹਾਂ ! ਇਸੇ ਤੋਂ ਤਾਂ ਮੈਨੂੰ ਕਾਰਬਨ ਕ੍ਰੈਡਿਟ ਦਾ ਯੂਰਪ ਸੱਭ ਤੋਂ ਵੱਡਾ ਖ਼ੀਦਦਾਰ ਹੋਣ ਬਾਬਤ ਕਈ ਸ਼ੰਕੇ ਖੜ੍ਹੇ ਹੁੰਦੇ ਹਨ !

**ਮਰਦ ਸੂਤਰਧਾਰ :** ਹੈਂ ! ਸ਼ੰਕੇ ! ਉਹ ਕੀ ?

**ਔਰਤ ਸੂਤਰਧਾਰ :** ਇਹੀ ਕਿ ਕਿਤੇ ਕਾਰਬਨ ਕ੍ਰੈਡਿਟ ਜਮ੍ਹਾਂ ਕਰਦੇ ਕਰਦੇ ਅਸੀਂ ਆਪਣੇ ਅਰਥਚਾਰੇ ਨੂੰ ਢਾਅ ਲਾ ਲਈਏ ਤੇ ਯੂਰਪ ਹਰਿਤ ਘਰ ਗੈਸਾਂ ਦਾ ਉਤਸਰਜਨ ਵੀ ਜਾਰੀ ਰੱਖੇ ਤੇ ਸਾਡੇ ਕਾਰਬਨ ਕ੍ਰੈਡਿਟ ਖ਼ੀਦ ਕੇ ਸਵੱਛ ਵੀ ਬਣਿਆ ਰਹੇ !

**ਮਰਦ ਸੂਤਰਧਾਰ :** ਹਾਂ ! ਇਸ ਪੱਖੋਂ ਤਾਂ ਅਸੀਂ ਕਦੀ ਸੋਚਿਆ ਹੀ ਨਹੀਂ ਪਰ ਫਿਰ ਵੀ ਇਹ ਤਾਂ ਸੱਚ ਹੀ ਹੈ ਕਿ ਵਾਤਾਵਰਣ ਬਦਲਾਅ ਇੱਕ ਚੁਣੌਤੀ ਹੈ ਸਾਰੀ ਮਨੁੱਕਤਾ ਦੇ ਸਾਹਮਣੇ !

**ਔਰਤ ਸੂਤਰਧਾਰ:** ਕਾਰਬਨ ਕਰ ਅਤੇ ਹਰਿਤ ਵਿਰੋਧਾਭਾਸ ਵਿੱਚ ਸੁਣੀ ਸੀ ਕਹਾਣੀ ਤੁਸੀਂ ਕਿ ਕਿਵੇਂ ਘਰਾਂ ਵਿੱਚ ਬਲਦਾ ਪਥਰਾਹਟੀ ਬਾਲਣ ਵੀ ਜਨਮ ਦਿੰਦਾ ਹੈ ਸਾਂਹ ਦੀਆਂ ਬਿਮਾਰੀਆਂ ਨੂੰ ! ਸਾਲ 2005 ਵਿੱਚ ਸੰਸਾਰ ਵਿੱਚ ਠੋਸ ਈਂਧਣਾਂ ਦੇ ਬਾਲਣ ਕਾਰਨ ਹੋਈਆਂ ਬਿਮਾਰੀਆਂ ਨਾਲ 22 ਲੱਖ ਮੌਤਾਂ ਹੋ ਗਇਆਂ ਸਨ! ਬਹੁਤ ਸਾਰੀਆਂ ਜਿੰਦਗੀਆਂ ਬਣੀਆਂ ਰਹਿੰਦੀਆਂ ਨੇ ਨਰਕ!

**ਮਰਦ ਸੂਤਰਧਾਰ :** ਹੋਈ ਸੀ ਗੱਲ ਕਿ ਉਦਯੋਗਾਂ ਵਿੱਚੋਂ ਪਥਰਾਹਟੀ ਬਾਲਣਾਂ ਦਾ ਨਿੱਕਲਦਾ ਧੂੰਆਂ ਕੇਵਲ ਕਾਰਬਨਡਾਈ ਅਕਸਾਈਡ ਹੀ ਨਹੀਂ ਛੱਡਦਾ ਵਾਯੂਮੰਡਲ ਦੇ ਵਿੱਚ, ਬਲਕਿ ਬਹੁਤ ਸਾਰੀ ਮਾਤਰਾ ਵਿੱਚ ਸੁੱਟ ਦਿੰਦਾ ਹੈ ਕਾਰਬਨ ਦੇ ਮਹੀਨ ਕਣ ਵੀ!

**ਔਰਤ ਸੂਤਰਧਾਰ :** ਹਾਂ ! ਇਸੇ ਕਰਕੇ ਤਾਂ ਗੱਲ ਹੋਈ ਸੀ ਹਰਿਤ ਅਤੇ ਸੁਧਰੀਆਂ ਹੋਈਆਂ ਤਕਨਾਲੋਜੀਆਂ ਦੀ ! ਕੁਸ਼ਲਤਾ ਵਾਲੀਆਂ ਤਕਨਾਲੋਜੀਆਂ ਨਾਲ ਅਸੀਂ ਪ੍ਰਦੂਸ਼ਣ ਨੂੰ ਬਹੁਤ ਵੱਡੇ ਪੱਧਰ ਤੇ ਕਰ ਸਕਦੇ ਹਾਂ ਨਿਯੰਤ੍ਰਿਤ !

**ਮਰਦ ਸੂਤਰਧਾਰ :** ਵੱਧਦੀ ਊਰਜਾ ਦੀ ਪੂਰਤੀ ਲਈ ਵੀ ਨਵਿਆਉਣਯੋਗ ਸ੍ਰੋਤਾਂ ਰਾਹੀਂ ਪੈਦਾ ਕਤਿ ਊਰਜਾ ਬਣ ਸਕਦੀ ਹੈ ਇਕ ਬਦਲ !

**ਔਰਤ ਸੂਤਰਧਾਰ :** ਹਾਂ ! ਚਰਚਾ ਹੋਈ ਸੀ ਇਸ ਗੱਲ 'ਤੇ ਵੀ ਕਿ ਕਾਰਬਨ ਉਤਸਰਜਨ ਦੀ ਮਾਤਰਾ ਅਨੁਸਾਰ ਕਾਰਬ ਕਰ ਲਗਾ ਦਿੱਤਾ ਜਾਵੇ ਤਾ ਕਿ ਹਰ ਉਦਯੋਗ ਉਸ 'ਕਾਰਬਨ ਕਰ' ਦੇ ਭਰਨ ਦੀ ਬਜਾਏ ਹਰਿਤ ਤਕਨਾਲੋਜੀਆਂ 'ਤੇ ਪੈਸਾ ਖਰਚ ਕੇ ਹਰਿਤ ਘਰ ਪ੍ਰਭਾਵ ਗੈਸਾਂ ਦੇ ਉਤਸਰਜਨ ਨੂੰ ਘਟਾ ਸਕੇ !

**ਮਰਦ ਸੂਤਰਧਾਰ :** ਸੁਣਾਈ ਸੀ ਗਾਥਾ ਕਿ ਕਿਵੇਂ ਭਾਰਤ ਵਿੱਚ ਪਹਿਲੀ ਜੁਲਾਈ ਤੋਂ ਸਾਲ 2010 ਵਿੱਚ ਕੋਲੇ ਉਪਰ 50 ਰੁਪਏ ਪ੍ਰਤੀ ਟਨ ਦਾ ਕਾਰਬਨ ਕਰ ਲਗਾਇਆ ਗਿਆ ਜਿਹੜਾ ਕਿ ਮੌਜੂਦਾ ਵਕਤਾਂ ਦੌਰਾਨ 400/- ਰੁਪਏ ਪ੍ਰਤੀ ਟਨ 'ਤੇ ਪਹੁੰਚ ਗਿਆ ਹੈ !

**ਔਰਤ ਸੂਤਰਧਾਰ :** ਟੀਚਾ ਸੀ ਸਗਲ ਘਰੇਲੂ ਉਤਪਾਦਨ ਦੀ ਪ੍ਰਤੀ ਇਕਾਈ ਕਾਰਬਨ ਦਾ ਉਤਸਰਜਨ 2020 ਤੱਕ 2005 ਦੇ ਮੁਕਾਬਲੇ 25% ਘਟਾਉਣਾ ! ਸੁਰੂ ਵਿੱਚ ਇਸ ਕਦਮ ਨਾਲ ਉਤਪਾਦਨ ਤੇ ਬੁਰਾ ਪ੍ਰਭਾਵ ਪੈਣ ਦੇ ਖਦਸ਼ੇ ਜਾਹਰ ਵੀ ਕੀਤੇ ਗਏ ਸਨ , ਪਰ ਸਰਕਾਰ ਆਪਣੇ ਅਹਿਦ 'ਤੇ ਡਟੀ ਰਹੀ !

**ਮਰਦ ਸੂਤਰਧਾਰ :** ਅਮਰੀਕਾ ਵਿੱਚ ਤਾਂ ਉਦਯੋਗਾਂ ਦੇ ਅਜਿਹੇ ਵਿਰੋਧ ਨੂੰ ਦਬਾਉਣ ਦੇ ਵਾਸਤੇ ਪਰਿਆਵਰਣ ਪ੍ਰੇਮੀਆਂ ਨੇ ਸੰਗਠਿਤ ਹੋ ਕੇ ਜਲਸੇ ਜਲੂਸ ਵੀ ਕੀਤੇ ਤਾ ਕਿ ਸਰਕਾਰ ਉਪਰ ਕਾਰਬਨ ਕਰ ਲਗਾਉਣ ਵਾਸਤੇ ਦਬਾਅ ਬਣਾਇਆ ਜਾ ਸਕੇ !

**ਔਰਤ ਸੂਤਰਧਾਰ :** ਸੰਸਾਰ ਦੇ ਤਿੰਨ ਸੌ ਕਰੋੜ ਲੋਕ ਅਜੇ ਵੀ ਖਾਣਾ ਪਕਾਉਣ ਅਤੇ ਘਰਾਂ ਨੂੰ ਗਰਮ ਰੱਖਣ ਵਾਸਤੇ ਠੋਸ ਈਂਧਣ ਵਰਤਦੇ ਹਨ ! ਵੱਡਾ ਕਾਰਨ ਹੈ ਸਾਫ ਤੇ ਹਰਿਤ ਈਂਧਣ ਦੀ ਲੋੜੀਂਦੀ ਮਾਤਰਾ ਵਿੱਚ ਉਪਲਬਧਤਾ ਦਾ ਨਾ ਹੋਣਾ ਅਤੇ ਗਰੀਬੀ ਕਾਰਨ ਖ਼੍ਰੀਦ ਸ਼ਕਤੀ ਦੀ ਘਾਟ !

**ਮਰਦ ਸੂਤਰਧਾਰ :** ਹਾਂ ! ਇਸਦੇ ਨਾਲ ਹੀ ਠੋਸ ਈਂਧਣ ਵਿੱਚੋਂ ਨਿੱਕਲਦੀਆਂ ਗੈਸਾਂ ਤੇ ਕਾਰਬਨ ਕਣਾਂ ਕਾਰਨ ਹੋਈਆਂ ਬਿਮਾਰੀਆਂ ਦੀ ਜਾਂਚ ਅਤੇ ਇਲਾਜ ਵਾਸਤੇ ਚੰਗੇ ਹਸਪਤਾਲਾਂ ਦੀ ਜਾਂ ਪੁਖਤਾ ਇਲਾਜ ਦੀ ਅਣਹੋਂਦ ਅਜਾਂਈਂ ਮੌਤਾਂ ਦਾ ਕਾਰਨ ਵੀ ਬਣਦੀ ਹੈ !

**ਔਰਤ ਸੂਤਰਧਾਰ :** ਭਾਰਤ ਵਿੱਚ ਵੀ ਕਰੀਬ ਅਜਿਹੀ ਹੀ ਸਥਿਤੀ ਸੀ ! ਇਸ ਸਥਿਤੀ ਵਿੱਚੋਂ ਨਿੱਕਲਣ ਵਾਸਤੇ ਹੀ ਤਾਂ ਪ੍ਰਧਾਨ ਮੰਤਰੀ ਉਜਵਲਾ ਯੋਜਨਾ ਤਹਿਤ ਗੈਸ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ! ਉਮੀਦ ਹੈ ਕਿ ਇਸ ਦੇ ਲਾਗੂ ਕਰਨ ਵਿੱਚ ਆਉਂਦੀਆਂ ਦਿੱਕਤਾਂ ਨੂੰ ਦੂਰ ਕਰਕੇ ਗਰੀਬਾਂ ਨੂੰ ਸਾਫ ਈਂਧਣ ਪ੍ਰੋਖੋ ਜਿੰਨੇ ਮੁੱਲ ;ਤੇ ਯਕੀਨੀ ਬਣਾ ਕੇ ਕਾਰਬਨ ਪੈੜਾਂ ਘਟਾਉਣ ਅਤੇ ਠੋਸ ਕਣਾਂ ਕਾਰਨ ਹੁੰਦੇ ਸਾਂਹ ਦੇ ਰੋਗਾਂ ਕਾਰਨ ਹੋ ਰਹੀਆਂ ਮੌਤਾਂ ਘਟਾਉਣ ਵਿੱਚ ਗਿਣਆਤਮਕ ਸੁਧਾਰ ਹੋਵੇਗਾ !

**ਮਰਦ ਸੂਤਰਧਾਰ :** ਸਪਸ਼ਟ ਹੋ ਗਿਆ ਸੀ ਕਿ ਇੱਕ ਬੰਨੇ ਕਾਰਬਨ ਕਰ ਤੇ ਦੂਜੇ ਬੰਨੇ ਚੁਲ੍ਹਿਆਂ ਵਾਸਤੇ ਸਵੱਛ ਈਂਧਣ ਰਾਹੀਂ ਅਸੀਂ ਆਪਣਾ ਯੋਗਦਾਨ ਜਲਵਾਯੂ ਬਦਲਾਅ ਨੂੰ ਠੱਲ੍ਹਣ ਵਿੱਚ ਪਾਉਣ ਦੇ ਯਤਨ ਕਰ ਰਹੇ ਹਾਂ !

**ਔਰਤ ਸੂਤਰਧਾਰ :** ਹਾਂ ! ਯੁਨਾਈਟਿਡ ਨੇਸ਼ਨਜ਼ ਵਿਕਾਸ ਪ੍ਰੋਗਰਾਮ ਵਿੱਚ ਵੀ ਅਸੀਂ ਵੱਖ ਵੱਖ ਕਦਮਾਂ ਜਿਵੇਂ ਨਵਿਆਉਣਯੋਗ ਊਰਜਾ, ਲਘੂ ਪਣ ਬਿਜਲੀ ਉਤਪਾਦਨ , ਸਮੁਦਾਇਕ ਸੌਰ ਊਰਜਾ ਵਰਗੀਆਂ ਯੋਜਨਾਵਾਂ ਰਾਹੀਂ ਕਾਰਬਨ ਪੈੜਾਂ ਘਟਾਉਣ ਲਈ ਯਤਨਸ਼ੀਲ ਹਾਂ !

**ਮਰਦ ਸੂਤਰਧਾਰ :** ਉਦਯੋਗਾਂ ਵਿੱਚ ਵੀ ਸਾਫ ਊਰਜਾ ਵਾਸਤੇ ਅਤੇ ਪ੍ਰਦੂਸ਼ਣ ਨਿਯੰਤ੍ਰਣ ਵਾਸਤੇ ਪ੍ਰਦੂਸ਼ਣ ਕੰਟਰੋਲ ਅਧਿਕਾਰੀ ਨਜਰਸਾਨੀ ਕਰ ਰਹੇ ਹਨ !

**ਔਰਤ ਸੂਤਰਧਾਰ :** ਪਰ ਸਾਡੇ ਵਿਕਾਸ ਦੇ ਆਧੁਨਿਕ ਮਾਡਲ ਰਾਹੀਂ ਸਿਰਜੀ ਖਪਤਵਾਦ ਦੀ ਜੀਵਣ ਸ਼ੈਲੀ ਚਾਲੂ ਰੱਖਦੇ ਹੋਏ ਤਾਂ ਪ੍ਰਦੂਸਣ ‘ਤੇ ਨਿਯੰਤਰਣ ਹੋ ਸਕਣ ਦੀ ਸੰਭਾਵਨਾ ਬਹੁਤ ਹੀ ਘੱਟ ਹੋਣ ਦੀ ਵੀ ਚਰਚਾ ਹੋਈ ਸੀ !

**ਮਰਦ ਸੂਤਰਧਾਰ :** ਆਹੋ ਚਰਚਾ ਤਾਂ ਇਹ ਵੀ ਹੋਈ ਸੀ ਕਿ ਹੁਣ ਅਸੀਂ ਬਾਬਤ ਆਦਮ ਵੇਲੇ ਦੀ ਜੀਵਣ ਸ਼ੈਲੀ ਵੱਲ ਤਾਂ ਨਹੀਂ ਨਾ ਮੁੜ ਸਕਦੇ !

**ਔਰਤ ਸੂਤਰਧਾਰ :** ਨਹੀਂ ਮੁੜ ਸਕਦੇ ਪਰ ਸੁਣ ਲਿਆ ਸੀ ਤੁਸੀ ਜਵਾਬ ਵੀ ਕਿ ਜੋ ਪਲਾਸਟਿਕ ਪਲੇਟਾਂ ਤੇ ਬਾਰਦਾਨਾ ਅਸੀਂ ਅੱਜ ਵਰਤ ਰਹੇ ਹਾਂ ਉਸ ਨੂੰ ਅਸੀਂ ਕੁਦਰਤ ਪੱਖੀ ਬਨਸਪਤੀ ਤੋਂ ਬਣਨ ਵਾਲਾ ਬਣਾ ਕੇ, ਮੁੜ ਮੁੜ ਵਰਤਣ ਦੀ ਆਦਤ ਰਾਹੀਂ, ਮੁਰੰਮਤ ਕਰਕੇ ਵਰਤਣ ਰਾਹੀਂ ਅਤੇ ਪੁਨਰ ਚਕਰੀਕਰਨ ਕਰਕੇ ਵਰਤਨ ਰਾਹੀਂ ਨਵੇਂ ਰੁਜਗਾਰ ਸਿਰਜ ਕੇ ਮੋੜਾ ਤਾਂ ਕੱਟ ਹੀ ਸਕਦੇ ਹਾਂ !

**ਮਰਦ ਸੂਤਰਧਾਰ :** ਸੁਣ ਲਿਆ ਸੀ ਇਹ ਤੱਥ ਵੀ ਕਿ ਜੇ ਕਰ ਅਜਿਹੀਆਂ ਨੀਤੀਆਂ ਨਾ ਅਪਣਾਈਆਂ ਤਾਂ 2030 ਤੱਕ ਹਰਿਤ ਘਰ ਪ੍ਰਭਾਵ ਗੈਸਾਂ ਦਾ ਉਤਸਰਜਨ 65% ਵੱਧ ਕੇ 4.7 ਗੀਗਾ ਟਨ ਤੱਕ ਪਹੁੰਚ ਜਾਵੇਗਾ!

**ਔਰਤ ਸੂਤਰਧਾਰ** : ਕੀਤੀ ਸੀ ਚਰਚਾ ਕਿ ਅਰਥ ਸ਼ਾਸਤਰੀ ਪਿਗਾਓ ਨੇ ਹਾਈਡਰੋ ਕਾਰਬਨ ਤੇ ਪਿਗੋਵੀਅਨ ਕਰ ਲਗਾਉਣ ਦੀ ਤਜਵੀਜ਼ ਦਿੱਤੀ ਸੀ ਭਾਵ ਜਿੰਨਾ ਨੁਕਸਾਨ ਹੋਵੇ ਉਸਦੀ ਭਰਪਾਈ ਜਿੰਨਾ ਕਰ!

**ਮਰਦ ਸੂਤਰਧਾਰ:** ਸੁਣਾ ਦਿੱਤਾ ਸੀ ਇਹ ਤੱਥ ਵੀ ਕਿ ਅੰਤਰ ਰਾਸ਼ਟਰੀ ਊਰਜਾ ਏਜੈਂਸੀ ਦੇ ਅਨੁਮਾਨ ਅਨੁਸਾਰ ਉਕਤ ਸਥਿਤੀ ਵਿੱਚ ਆ ਸਕਦਾ ਹੈ ਵੱਡਾ ਬਦਲਾਅ ਅਤੇ ਆਧੁਨਿਕ ਊਰਜਾ ਪਹੁੰਚ ਕਾਰਨ 2030 ਤੱਕ ਕਾਰਬਨ ਡਾਈ ਅਕਸਾਈਡ ਦਾ ਉਤਸਰਜਨ ਕੇਵਲ 0.7% ਹੀ ਵਧੇਗਾ!

**ਔਰਤ ਸੂਤਰਧਾਰ:** ਪਰ ਮੁੱਕਦੀ ਗੱਲ ਤਾਂ ਇਹ ਸੀ ਕਿ ਜਿੱਥੇ ਇੱਕ ਪਾਸੇ ਸਾਨੂੰ ਮੌਜੂਦਾ ਯਤਨ ਚਾਲੂ ਰੱਖਣੇ ਪੈਣਗੇ ਉਥੇ ਹੀ ਸਾਨੂੰ ਆਪਣੇ ਵਿਕਾਸ ਦੇ ਕੁਦਰਤ ਵਿਰੋਧੀ ਅੰਨ੍ਹਾ ਮੁਨਾਫਾ ਕਮਾਉਣ ਵਾਲੇ ਮਾਡਲ ਨੂੰ ਬਦਲ ਕੇ ਕੁਦਰਤ ਨਾਲ ਇਕਸੁਰਤਾ ਵਾਲ ਵਿਕਲਪਤ ਮਾਡਲ ਵਿਕਸਿਤ ਕਰਨਾ ਹੋਵੇਗਾ !

**ਪ੍ਰਸ਼ਨ ਜੋ ਹੋ ਸਕਦੇ ਹਨ, ਜਿਨ੍ਹਾਂ ਦੇ ਜਵਾਬ ਦੇਣ ਦੀ ਲੋੜ ਹੈ!**

1. ਵਾਤਾਵਰਣ ਸੰਬੰਧੀ ਸੱਭ ਤੋਂ ਪਹਿਲਾ ਅੰਤਰ ਰਾਸਟਰੀ ਸੰਮੇਲਣ ਕਦ ਤੇ ਕਿਥੇ ਹੋਇਆ ?
2. ਕਿੰਨਾ ਕੁ ਸੀ ਉਹ ਸਫਲ ਹਾਜਰੀ ਪੱਖੋਂ?
3. ਕੀ ਸਨ ਟੀਚੇ ਉਸ ਸੰਮੇਲਣ ਦੇ ?
4. ਇਸ ਉਪਰੰਤ ਪਰਿਆਵਰਣ ਨਾਲ ਸਬੰਧਤ ਕਿਹੜੇ ਕਿਹੜੇ ਫੈਸਲੇ ਕਦ ਕਦ ਹੋਏ ?
5. 1980 ਦੀ ਉੱਤਰ-ਦੱਖਣ ਸੰਬੰਧਾਂ ‘ਤੇ ਬ੍ਰੰਡਟਲੈਂਡ ਰਿਪੋਰਟ ਦਾ ਕੀ ਮਹੱਤਵ ਸੀ ?
6. ਯੂ ਐਨ ਗਨਰਲ ਅਸੈਂਬਲੀ ਨੇ 1983 ਦਾ ਪਰਿਆਵਰਣ ਅਤੇ ਵਿਕਾਸ ਕਮਿਸ਼ਨ ਕਿਸ ਉਦੇਸ਼ ਨਾਲ ਕਾਇਮ ਕੀਤਾ ਅਤੇ ਉਸਦਾ ਆਧਾਰ ਕੀ ਸੀ ?
7. 1985 ਦਾ ਹੈਲਿੰਸਕੀ ਸਮਝੋਤਾ ਕੀ ਸੀ ?
8. ‘ਪਰਿਆਵਰਣ ਤੇ ਅਰਥਚਾਰੇ ਦਰਮਿਆਨ ਸ਼ਾਦੀ’ ਕਿਸਦਾ ਕਥਨ ਸੀ ?
9. ਟਿਕਾਊ ਵਿਕਾਸ ਦਾ ਵਾਕੰਸ਼ ਕਦ ਤੇ ਕਿਸਨੇ ਦਿੱਤਾ ?
10. 1988 ਦਾ ਮੌਂਟਰੀਅਲ ਮਰਿਆਦਾ ਮਤੇ ਦਾ ਸਾਰ ਕੀ ਸੀ ?
11. 1989 ਦੇ ਸੰਮੇਲਣ ਦੀ ਜੋਖਮ ਭਰੇ ਪਦਾਰਥਾਂ ਦੀ ਢੋਅ ਢੁਆਈ ‘ਤੇ ਕੀ ਸੀ ਸਮਝ ?
12. ਜਲਵਾਯੂ ਬਦਲਾਅ ਬਾਬਤ ਅੰਤਰ ਸਰਕਾਰੀ ਦਲ ਦੇ ਤਾਪਮਾਨ ਵਧਣ ਬਾਬਤ ਕੀ ਹਨ ਅੰਦਾਜ਼ੇ ?
13. ਇਹ ਅਨੁਮਾਨ ਤੇ ਭਵਿੱਬਾਣੀਆਂ ਕਿਸ ਆਧਾਰ ‘ਤੇ ਕੀਤੀਆਂ ਗਈਆਂ ?
14. ਸ਼ਟੋਕਹੋਲ ਸੰਮੇਲਣ ਦੀ 20ਵੀਂ ਵਰ੍ਹੇਗੰਢ ‘ਤੇ ਕਿਹੜਾਂ ਮਹੱਤਵਪੂਰਨ ਸੰਮੇਲਣ ਹੋਇਆ ?
15. ਪਰਿਆਵਰਣ ਅਤੇ ਵਿਕਾਸ ‘ਤੇ ਪਹਿਲੇ ਅੰਤਰ ਰਾਸਟਰੀ ਸੰਮੇਲਣ ਦੇ ਕੀ ਸਨ ਮੁੱਦੇ ?
16. ਧਰਤ ਸੰਮੇਲਣ ਦੀਆਂ ਕੀ ਸਨ ਮੁੱਖ ਪ੍ਰਾਪਤੀਆਂ ?

17. UNFCC (ਯੁਨਾਈਟਿਡ ਨੇਸ਼ਨਜ਼ ਫਰੇਮਵਰਕ ਆਨ ਕਲਾਈਮੇਟ ਚੇਂਜ) ਭਾਵ ਜਲਵਾਯੂ-ਤਬਦੀਲੀ ਸਬੰਧੀ ਸੰਯੁਕਤ ਰਾਸ਼ਟਰ ਕਨਵੈਂਸ਼ਨ
18. ਅਮਰੀਕਾ ਦੀ ਇਸ ਸੰਮੇਲਣ ਵਿੱਚ ਕੀ ਸੀ ਸਥਿਤੀ ?
19. ਜੈਵਿਕ ਵੰਨ -ਸੁਵੰਨਤਾ ਉਪਰ ਯੂ ਐਨ ਸੰਮੇਲਣ ਵਿੱਚ ਕੀ ਹੋਇਆ ਸੀ ?
20. ਕਿਓਟੋ ਮਰਿਆਦਾ ਸਮਝੌਤਾ ਕੀ ਸੀ ?
21. ਕਿਓਟੋ ਪ੍ਰੋਟੋਕਾਲ ਦੇ ਕੀ ਸਨ ਉਦੇਸ਼ ਅਤੇ ਇਸਦੀ ਕੀ ਸੀ ਅਹਿਮੀਅਤ ?
22. ਕਿਓਟੋ ਪ੍ਰੋਟੋਕਾਲ ਵਿੱਚ ਕਿੰਨ੍ਹਾਂ ਹਰਿਤ ਘਰ ਪ੍ਰਭਾਵ ਗੈਸਾਂ ‘ਤੇ ਨਿਯੰਤਰਣ ਦਾ ਫੈਸਲਾ ਹੋਇਆ ?
23. ਕਿਓਟੋ ਪ੍ਰੋਟੋਕਾਲ ਵਿੱਚ ਦੇਸਾਂ ਦੀ ਵੰਡ ਕਿਵੇਂ ਕੀਤੀ ਗਈ ?
24. ਅਗਲੀ ਸਦੀ ਵਿੱਚ ਪਰਿਆਵਰਣ ਸਬੰਧੀ ਕਾਰਜ ਯੋਜਨਾ ਕੀ ਸੀ ਤੇ ਕੀ ਪ੍ਰਗਤੀ ਹੋਈ ?
25. ਜੰਗਲਾਂ ਦੀ ਕਟਾਈ ਅਤੇ ਸਮੁੰਦਰਾਂ ਬਾਬਤ ਕੀ ਹੋਏ ਸਨ ਫੈਸਲੇ ?
26. ਕਿਓਟੋ ਪ੍ਰੋਟੋਕਾਲ ਕਦ ਤੋਂ ਤੇ ਕਿਵੇਂ ਹੋਣੀ ਸੀ ਲਾਗੂ ?
27. ਕਾਰਬਨ ਕ੍ਰੈਡਿਟ ਕੀ ਹਨ ?
28. ਕਾਰਬਨ ਕਰ ਤੋਂ ਕੀ ਭਾਵ ਹੈ ?
29. ਪੈਰਿਸ ਸਮਝੋਤਾ ਕੀ ਹੈ ?
30. ਗੁਜਰ ਬਸਰ ਦਾ ਪਰਿਆਵਰਣ ਨਾਲ ਕੀ ਹੈ ਸਬੰਧ ?
31. ਸਿਆਸਤ ਦਾ ਤੇ ਜਲਵਾਯੂ ਬਦਲਾਅ ਦਾ ਕੀ ਹੈ ਸਬੰਧ?
32. ਜਲਵਾਯੂ ਬਦਲਾਅ ਬਾਬਤ ਵਿਕਾਸਸੀਲ ਦੇਸਾਂ ਦੀ ਕੀ ਹੈ ਸਥਿਤੀ ?
33. ਸਾਂਹ ਦੀਆਂ ਬਿਮਾਰੀਆਂ ਦਾ ਪਰਿਆਵਰਣ ਨਾਲ ਕੀ ਹੈ ਸਬੰਧ ?
34. ਪਰਿਆਵਰਣੀ ਬਿਮਾਰੀਆਂ ਨਾਲ ਕਿਉਂ ਹੋ ਰਹੀਆਂ ਨੇ ਮੌਤਾਂ ?
35. ਭਾਰਤ ਨੇ ਜਲਵਾਯੂ ਬਦਲਾਅ ਰੋਕਣ ਵਾਸਤੇ ਕੀ ਕੀਤੇ ਨੇ ਯਤਨ ?